# ਦੋ ਸ਼ਬਦ

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥**

ਗੁਰੂ ਸਾਹਿਬ ਜੀ ਦੇ ਕਹੇ ਹੋਏ ਇਹ ਬਚਨ, ਵਿਚਾਰਨ ਯੋਗ ਹਨ। ਅਜੋਕੇ ਸਮੇਂ ਵਿੱਚ ਸਿੱਖੀ ਅੰਦਰ ਜੇ ਕੋਈ ਘਾਟ ਹੈ ਤਾਂ ਉਹ ਗੁਰਬਾਣੀ ਦੇ ਵਿਚਾਰਨ ਦੀ ਹੈ। ਸਿੱਖ ਬਾਣੀ ਪੜ੍ਹਦਾ ਵੀ ਹੈ ਸੁਣਦਾ ਵੀ ਹੈ ਤੇ ਗਾਉਂਦਾ ਵੀ ਹੈ ਪਰ ਵਿਚਾਰ ਨਹੀਂ ਕਰਦਾ। ਬਾਣੀ ਇੱਕ ਗਹਿਰੇ ਸਾਗਰ ਦੀ ਤਰ੍ਹਾਂ ਹੈ। ਜਿਸ ਪ੍ਰਥਾਇ ਸਤਿਗੁਰੂ ਜੀ ਦੇ ਕਹੇ ਹੋਏ ਬਚਨ ਹਨ ਕਿ **"ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥** ਗੁਰੂ ਜੀ ਦਾ ਇਹ ਵੀ ਫੁਰਮਾਨ ਹੈ ਕਿ **"ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥"** ਗੁਰਬਾਣੀ ਨਾਲ ਲੱਗਣ ਤੋਂ ਮੁਰਾਦ ਬਾਣੀ ਪੜ੍ਹਨ ਤੋਂ ਨਹੀਂ ਬਲਕਿ ਗੁਰਬਾਣੀ ਦੇ ਸਿਧਾਂਤ ਨੂੰ ਸਮਝਣ ਤੋਂ ਹੈ। ਬਾਣੀ ਦੇ ਸਿਧਾਂਤ ਨੂੰ ਜਾਣੇ ਤੋਂ ਬਿਨਾਂ ਮਨੁੱਖ ਇਹ ਨਹੀਂ ਜਾਣ ਸਕਦਾ ਕਿ ਸੰਸਾਰ ਕੀ ਹੈ? ਵਿਕਾਰ ਕੀ ਹਨ, ਨਿਰੰਕਾਰ ਕੀ ਹੈ, ਮੈਂ ਕੌਣ ਹਾਂ? ਸਗੋਂ ਗੁਰਬਾਣੀ ਤੋਂ ਕੋਰਾ ਮਨੁੱਖ ਵਿਕਾਰਾਂ ਤੇ ਸੰਸਾਰ ਵਿਚ ਫਸ ਕੇ ਰਹਿ ਜਾਂਦਾ ਹੈ। ਈਸ਼ਵਰੀ ਗਿਆਨ ਪ੍ਰਾਪਤ ਕਰਨ ਲਈ ਜਿਥੇ ਮਨੁੱਖ ਨੂੰ ਬਾਣੀ ਪੜ੍ਹਨੀ ਜ਼ਰੂਰੀ ਹੈ। ਉਥੇ ਬਾਣੀ ਦੇ ਗੁੱਝੇ ਭੇਦਾਂ ਤੋਂ ਜਾਣੂ ਹੋਣਾ ਵੀ ਜ਼ਰੂਰੀ ਹੈ। ਈਸ਼ਵਰੀ ਗਿਆਨ ਪ੍ਰਾਪਤ ਕਰਨ ਦੀ ਸੋਝੀ ਮਨੁੱਖ ਨੂੰ ਗੁਰਬਾਣੀ ਵਿੱਚੋਂ ਹੀ ਪ੍ਰਾਪਤ ਹੋ ਸਕਦੀ ਹੈ ਗੁਰੂ ਜੀ ਦੇ ਪਾਵਨ ਬਚਨ ਹਨ।

**"ਗੁਰੂ ਦੁਆਰੈ ਹੋਇ ਸੋਝੀ ਪਾਇਸੀ॥** ਬੇਸ਼ੱਕ ਅਜੋਕੇ ਯੁੱਗ ਵਿੱਚ ਮਨੁੱਖ ਸੰਸਾਰ ਦੀ ਖੋਜ ਵਿੱਚ ਬਹੁਤ ਅੱਗੇ ਲੰਘ ਚੁੱਕਾ ਹੈ। ਪਰ ਅਧਿਆਤਮ ਦੀ ਖੋਜ ਵਿੱਚ ਬਹੁਤ ਪਛੜ ਗਿਆ ਹੈ। ਸੰਸਾਰਕ ਖੋਜ ਦੀ ਦੌੜ ਮਨੁੱਖ ਨੂੰ ਅਸ਼ਾਂਤੀ ਦਿੰਦੀ ਹੈ ਤੇ ਅਧਿਆਤਮ ਦੀ ਖੋਜ ਇਸ ਨੂੰ ਟਿਕਾਉ ਦਿੰਦੀ ਹੈ। ਗੁਰੂ ਸਾਹਿਬ ਜੀ ਦਾ ਪਵਿੱਤਰ ਬਾਣੀ ਵਿਚ ਬਚਨ ਹੈ। **ਰਸਨਾ ਗੁਣ ਗੋਪਾਲ ਨਿਧਿ ਗਾਇਣ॥ ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥**

ਪਰਮ ਸਤਿਕਾਰ ਯੋਗ ਸੰਤ ਹਰੀ ਸਿੰਘ ਜੀ ਰੰਧਾਵੇ ਵਾਲਿਆਂ ਨੇ *"ਗ੍ਰੰਥ ਗੁਰਵਾਕ ਚਾਨਣ"* ਲਿਖ ਕੇ ਗੁਰਮਤਿ ਦੇ ਪਾਂਧੀਆਂ ਨੂੰ ਬਹੁਤ ਵੱਡੀ ਦੇਣ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਅਸੀਂ ਰੋਜ਼ਾਨਾ ਨਹੀਂ ਪੜ੍ਹ ਸਕਦੇ, ਪਰ ਸਤਿਗੁਰੂ ਜੀ ਦੇ ਪ੍ਰਕਾਸ਼ ਹੋਣ ਵੇਲੇ ਮੁਖਵਾਕ ਜ਼ਰੂਰ ਪੜ੍ਹਦੇ ਜਾਂ ਸੁਣਦੇ ਹਾਂ। ਵੈਸੇ ਤਾਂ ਸਾਰੀ ਬਾਣੀ ਹੀ ਸ੍ਰੀ ਗੁਰਵਾਕ ਹੈ। ਪਰ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਜੋ ਸ਼ਬਦ ਪੜ੍ਹਦੇ ਹਾਂ ਉਸਨੂੰ ਹੁਕਮਨਾਮਾਂ ਜਾਂ ਮੁਖਵਾਕ ਆਖਦੇ ਹਾਂ। ਸੰਤ ਹਰੀ ਸਿੰਘ ਜੀ ਨੇ ਮੁਖਵਾਕਾਂ ਸਬੰਧੀ ਗ੍ਰੰਥ ਦੇ ਇਸ ਪਹਿਲੇ ਭਾਗ ਵਿੱਚ ੧੧੯ ਸ਼ਬਦਾਂ ਦੀ ਵਿਆਖਿਆ ਲਿਖੀ ਹੈ। ਜਿਹੜੇ ਰੋਜ਼ਾਨਾ ਅਸੀਂ ਸਤਿਗੁਰੂ ਜੀ ਦੇ ਪ੍ਰਕਾਸ਼ ਸਮੇਂ ਪੜ੍ਹਦੇ ਹਾਂ। ਇਸ ਵਿਆਖਿਆ ਵਿੱਚ ਉਹਨਾਂ ਨੇ ਗੁਰਬਾਣੀ ਦੇ ਗੁੱਝੇ ਭੇਦਾਂ ਤੋਂ ਸੰਸਾਰੀ ਲੋਕਾਂ ਨੂੰ ਜਾਣੂ ਕਰਾਉਣ ਦਾ ਉਪਰਾਲਾ ਕੀਤਾ ਹੈ। ਇਹ ਗ੍ਰੰਥ ਜਨ ਸਧਾਰਣ ਤੇ ਗੁਰਮਤਿ ਪਾਂਧੀਆਂ ਲਈ ਅਤੇ ਗੁਰਸਿੱਖ ਪ੍ਰਚਾਰਕਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਮੇਰੀ ਸਤਿਗੁਰੂ ਜੀ ਅੱਗੇ ਅਰਦਾਸ ਹੈ ਕਿ ਉਹ ਮਹਾਂਪੁਰਸ਼ ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ

PDF created with pdfFactory Pro trial version www.pdffactory.com

ਵਾਲਿਆਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖ ਕੇ ਗੁਰਮਤਿ ਵਿੱਦਿਆ ਦੀ ਐਸੀ ਸੇਵਾ ਲੈਂਦੇ ਰਹਿਣ, ਤਾਂਕਿ ਸੰਸਾਰ ਦੇ ਅਨੇਕਾਂ ਹੀ ਉਹ ਲੋਕ ਜਿਹੜੇ ਗੁਰਮਤਿ ਤੋਂ ਦੂਰ ਜਾ ਚੁੱਕੇ ਹਨ। ਸਹੀ ਢੰਗ ਦਾ ਜੀਵਨ ਜਿਉਣ ਵੱਲ ਅਤੇ ਆਤਮਕ ਗਿਆਨ ਪ੍ਰਾਪਤ ਕਰਨ ਵੱਲ ਤੁਰਨ ਜਿਸ ਨਾਲ ਸਮੁੱਚੀ ਮਨੁੱਖਤਾ ਅੱਜ ਦੇ ਯੁੱਗ ਵਿੱਚ ਨਸ਼ਿਆਂ, ਜੂਆ, ਚੋਰੀ ਆਦਿਕ ਭੈੜੀਆਂ ਵਾਦੀਆਂ ਤੋਂ ਛੁਟਕਾਰਾ ਪਾ ਕੇ ਆਪਣੇ ਨਿਜ ਘਰ ਤੱਕ ਪਹੁੰਚ ਸਕੇ।

*ਗੁਰੂ ਪੰਥ ਦਾ ਦਾਸ :—*

**ਮੱਖਣ ਸਿੰਘ "ਸੇਵਾ ਪੰਥੀ"**

ਮੁੱਖ ਸੇਵਾਦਾਰ :—ਟਕਸਾਲ ਭਾਈ ਮਨੀ ਸਿੰਘ ਜੀ ਸ਼ਹੀਦ

ਡੇਰਾ ਸੰਤ ਅਮੀਰ ਸਿੰਘ ਜੀ, ਬਜ਼ਾਰ ਸੱਤੋਵਾਲਾ, ਸ੍ਰੀ ਅੰਮ੍ਰਿਤਸਰ।

PDF created with pdfFactory Pro trial version www.pdffactory.com

# ਅਤਿ ਸ਼ਲਾਘਾ ਯੋਗ ਕਾਰਜ

ਸੰਤ ਹਰੀ ਸਿੰਘ ਜੀ ਰੰਧਾਵੇ ਵਾਲਿਆਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖਵਾਕਾਂ ਦਾ ਅਨੁਵਾਦ ਕਰਕੇ ਅਤਿ ਸ਼ਲਾਘਾ ਯੋਗ ਕਾਰਜ ਕੀਤਾ ਹੈ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ੫੦੯ ਅੰਗ ਤੋਂ ੮੫੮ ਤਕ ਆਉਣ ਵਾਲੇ ਮੁਖਵਾਕਾਂ ਦਾ ਸਾਖੀਆਂ ਸਹਿਤ ਅਨੁਵਾਦ ਕੀਤਾ ਹੈ। ਇਹ ਏਨਾ ਸਰਲ ਅਤੇ ਸਪੱਸ਼ਟ ਹੈ ਕਿ ਹਰ ਪ੍ਰਾਣੀ ਇਸ ਨੂੰ ਸਹਿਜੇ ਹੀ ਸਮਝ ਜਾਂਦਾ ਹੈ। ਇਨ੍ਹਾਂ ਮੁਖਵਾਕਾਂ ਦਾ ਸੰਪਰਦਾਈ ਅਨੁਵਾਦ ਕੀਤਾ ਹੈ ਅਤੇ ਹਰ ਵਾਕ ਨੂੰ ਰੌਚਿਕ ਸਾਖੀਆਂ ਦੇ ਕੇ ਹੋਰ ਵੀ ਸਪੱਸ਼ਟ ਅਤੇ ਦਿਲਚਸਪ ਬਣਾ ਦਿੱਤਾ ਹੈ। ਸਾਡੇ ਗੁਰੂ ਸਾਹਿਬ ਵੇਦਾਂ ਸ਼ਾਸ਼ਤਰਾਂ ਅਤੇ ਇਤਿਹਾਸ ਦਾ ਉੱਚਾ ਗਿਆਨ ਰਖਦੇ ਸਨ। ਇਸ ਲਈ ਗੁਰਬਾਣੀ ਵਿਚ ਕਈ ਅਜਿਹੀਆਂ ਤੁਕਾਂ ਵੀ ਆਉਂਦੀਆਂ ਹਨ ਜਿਹੜੀਆਂ ਇਤਿਹਾਸ ਦੀ ਕਿਸੇ ਨਾ ਕਿਸੇ ਕਹਾਣੀ ਨੂੰ ਸੰਕੇਤ ਕਰਦੀਆਂ ਹਨ। ਸੰਤ ਜੀ ਨੇ ਅਜਿਹੀਆਂ ਤੁਕਾਂ ਨੂੰ ਇਤਿਹਾਸ ਵਿਚੋਂ ਅਸਲੀ ਅਤੇ ਢੁਕਵੀਆਂ ਸਾਖੀਆਂ ਵਰਣਨ ਕਰਕੇ ਇਕ ਅਦਭੁਤ ਕਾਰਜ ਕੀਤਾ ਹੈ।

ਇਸ ਗ੍ਰੰਥ ਨੂੰ ਪੜ੍ਹਨ ਨਾਲ ਹੁਣ ਕਥਾ ਵਾਚਕਾਂ, ਪ੍ਰਚਾਰਕਾਂ ਅਤੇ ਗ੍ਰੰਥੀਆਂ ਨੂੰ ਸਟੀਕ ਦੇ ਦਸ ਭਾਗਾਂ ਨੂੰ ਵਾਚਣ ਦੀ ਲੋੜ ਨਹੀਂ ਰਹੀ। ਹੁਣ ਉਹ ਇਸ ਗ੍ਰੰਥ ਦਾ ਅਧਿਐਨ ਕਰਕੇ ਹੀ ਹਰ ਮੁਖਵਾਕ ਦੀ ਵਿਆਖਿਆ ਕਰ ਸਕਦੇ ਹਨ।

ਆਮ ਕਥਾ ਵਾਚਕ ਅਤੇ ਪ੍ਰਚਾਰਕ ਕਈ ਵਾਰ ਮੁਖਵਾਕ ਲੈਣ ਤੋਂ ਬਾਅਦ ਉਸ ਦੇ ਅਰਥ ਸਮਝਾਉਣ ਲਈ ਮਨ ਘੜਤ ਅਤੇ ਅਢੁਕਵੀਆਂ ਸਾਖੀਆਂ ਦਾ ਆਸਰਾ ਲੈਂਦੇ ਹਨ, ਪਰ ਅਜਿਹਾ ਕਰਨ ਯੋਗ ਨਹੀਂ। ਇਕ ਪਾਸੇ ਤਾਂ ਅਸੀਂ ਰੋਜ਼ ਪੜ੍ਹਦੇ ਹਾਂ ਕਿ **"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥"** ਪਰ ਦੂਸਰੇ ਪਾਸੇ ਵਿਆਖਿਆ ਕਰਨ ਲੱਗੇ, ਕਥਾ ਕਰਨ ਲੱਗੇ ਕਈ ਅਜਿਹੀਆਂ ਸਾਖੀਆਂ ਸੁਣਾ ਕੇ ਸ੍ਰੋਤਿਆਂ ਨੂੰ ਗੁਰਬਾਣੀ ਦੇ ਸਿਧਾਂਤ ਤੋਂ ਦੂਰ ਲੈ ਜਾਂਦੇ ਹਨ।

ਸੰਤ ਹਰੀ ਸਿੰਘ ਜੀ ਨੇ ਮੁਖਵਾਕਾਂ ਦਾ ਇਹ ਟੀਕਾ ਲਿਖ ਕੇ ਬੜਾ ਉਪਕਾਰ ਕੀਤਾ ਹੈ, ਕਿਉਂਕਿ ਹੁਣ ਸਾਨੂੰ ਝੂਠੀਆਂ ਮਨਘੜਤ ਸਾਖੀਆਂ ਬਣਾਉਣ ਦੀ ਲੋੜ ਨਹੀਂ ਉਨ੍ਹਾਂ ਹਰ ਸ਼ਬਦ ਨਾਲ ਢੁਕਵੀਆਂ ਸਾਖੀਆਂ ਦੇ ਕੇ ਸਾਡੇ ਮਨ ਵਿਚੋਂ ਇਹ ਸੰਸਾ ਨਵਿਰਤ ਕਰ ਦਿੱਤਾ ਹੈ ਕਿ ਸ਼ਬਦ ਕੁਝ ਹੋਰ ਹੈ ਅਤੇ ਸਾਖੀ ਕੁਝ ਹੋਰ ਹੈ।

ਪਰ ਮਹਾਂਪੁਰਸ਼ਾਂ ਦੀ ਇਹ ਘਾਲਣਾ ਤਦ ਹੀ ਮੁਲ ਪਵਾਉਂਦੀ ਹੈ ਕਿ ਜੇ ਕਥਾ ਵਾਚਕ, ਗ੍ਰੰਥੀ, ਰਾਗੀ ਅਤੇ ਪ੍ਰਚਾਰਕ ਗੁਰ ਮਰਯਾਦਾ ਨੂੰ ਵੀ ਧਿਆਨ ਵਿਚ ਰਖਣ। ਵੇਖਣ ਵਿਚ ਇਹ ਆਇਆ ਹੈ ਗ੍ਰੰਥੀ ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਉਹੋ ਮੁਖਵਾਕ ਸੁਣਾਉਂਦੇ ਹਨ ਜਿਹੜਾ ਕਿ ਸਮੇਂ ਅਨੁਸਾਰ ਹੋਵੇ। ਭਾਵੇਂ ਵਿਆਹ ਹੋਵੇ, ਕੁੜਮਾਈ, ਸੋਗ, ਮਰਗ, ਦੁਕਾਨ ਦਾ ਉਦਘਾਟਨ ਹੋਵੇ ਉਨ੍ਹਾਂ ਨੇ ਕੁਝ ਸ਼ਬਦ ਢੂੰਡ ਕੇ ਰਖੇ ਹੁੰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕਿਹੜਾ ਸ਼ਬਦ ਕਿਹੜੇ ਅੰਗ ਉਤੇ ਹੈ। ਇਸ ਤਰ੍ਹਾਂ ਢੁਕਵੇਂ ਸ਼ਬਦ ਨੂੰ ਉਹ ਮੁਖਵਾਕ ਬਣਾ ਲੈਂਦੇ ਹਨ। ਪਰ ਇਹ ਠੀਕ ਨਹੀਂ। ਸਾਰੀ ਸੰਗਤ ਬੜੇ ਆਦਰ ਸਤਿਕਾਰ ਨਾਲ ਇਹ ਇੰਤਜ਼ਾਰ ਕਰ ਰਹੀ ਹੁੰਦੀ ਹੈ ਕਿ ਉਸ ਸਮੇਂ ਕਿਹੜਾ ਮੁਖਵਾਕ ਨਿਕਲਦਾ ਹੈ। ਪਰ ਕਿਉਂਕਿ ਕਈਆਂ ਗ੍ਰੰਥੀਆਂ ਨੇ ਉਸ ਮੁਖਵਾਕ ਦੇ ਅਰਥਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਵਿਚਾਰਿਆ ਹੁੰਦਾ ਹੈ ਕਿ ਇਸ ਲਈ ਉਹ ਆਪਣੀ ਮਰਜ਼ੀ ਅਨੁਸਾਰ ਅਨੁਵਾਦ ਵੀ ਸਮੇਂ ਮੁਤਾਬਿਕ ਹੀ ਕਰ ਦਿੰਦੇ ਹਨ।

PDF created with pdfFactory Pro trial version www.pdffactory.com

ਮੇਰੀ ਤਾਂ ਇਹ ਸਪੱਸ਼ਟ ਰਾਏ ਹੈ ਕਿ ਸਾਨੂੰ ਮੁਖਵਾਕ ਗੁਰੂ ਦੀ ਓਟ ਲੈ ਕੇ ਹੀ ਲੈਣਾ ਚਾਹੀਦਾ ਹੈ। ਜੋ ਵੀ ਮੁਖਵਾਕ ਨਿਕਲ ਆਵੇ ਉਹ ਹੀ ਧੁਰ ਕੀ ਬਾਣੀ ਹੈ ਅਤੇ ਉਸ ਨੂੰ ਹੀ ਵਿਚਾਰ ਕੇ ਉਸ ਦਾ ਅਨੁਵਾਦ ਅਤੇ ਵਿਆਖਿਆ ਕਰਨੀ ਚਾਹੀਦੀ ਹੈ।

ਇਹ ਠੀਕ ਹੈ ਕਿ ਹੁਣ ਤੱਕ ਅਨਜਾਣ ਗ੍ਰੰਥੀਆਂ ਵਾਸਤੇ ਅਜਿਹਾ ਕੋਈ ਗ੍ਰੰਥ ਉਪਲੱਬਧ ਨਹੀਂ ਸੀ ਜਿਹੜਾ ਕਿ ਉਨ੍ਹਾਂ ਨੂੰ ਹਰ ਮੁਖਵਾਕ ਦੀ ਵਿਆਖਿਆ ਕਰਨ ਦੇ ਸਮਰਥ ਬਣਾ ਸਕਦਾ। ਪਰ ਸੰਤ ਹਰੀ ਸਿੰਘ ਜੀ ਨੇ ਅਜਿਹਾ ਗ੍ਰੰਥ ਲਿਖ ਕੇ ਉਨ੍ਹਾਂ ਦੀ ਇਸ ਕਠਨਾਈ ਨੂੰ ਦੂਰ ਕਰ ਦਿੱਤਾ ਹੈ।

ਜਿਹੜਾ ਵੀ ਵਿਅਕਤੀ ਇਸ ਗ੍ਰੰਥ ਨੂੰ ਇਕ ਦੋ ਵਾਰ ਪੜ੍ਹੇਗਾ ਉਹ ਕਿਸੇ ਵੀ ਮੁਖਵਾਕ ਦਾ ਤਰਜਮਾ ਅਤੇ ਵਿਆਖਿਆ ਸੰਗਤਾਂ ਨੂੰ ਸੁਣਾਉਣ ਦੇ ਸਮਰਥ ਹੋ ਸਕੇਗਾ।

ਇਸ ਤੱਥ ਨੂੰ ਮੁਖ ਰਖਕੇ ਮੈਂ ਸਮਝਦਾ ਹਾਂ ਇਹ ਗ੍ਰੰਥ ਹਰ ਗ੍ਰੰਥੀ, ਰਾਗੀ, ਪ੍ਰਚਾਰਕ ਅਤੇ ਗੁਰਸਿੱਖ ਪਾਸ ਹੋਣਾ ਚਾਹੀਦਾ ਹੈ। ਜਿਥੇ ਸੰਤ ਹਰੀ ਸਿੰਘ ਜੀ ਨੇ ਗ੍ਰੰਥ ਲਿਖਣ ਦਾ ਬਹੁਤ ਵੱਡਾ ਪਰਉਪਕਾਰ ਕੀਤਾ ਹੈ ਉਥੇ ਨਾਲ ਹੀ ਆਪ ਜੀ ਸਾਡੀ ਸੰਸਥਾ ਸੰਤ ਸਮਾਜ ਜਦ ਤੋਂ ਹੋਂਦ ਵਿੱਚ ਆਈ ਹੈ, ਬਤੌਰ ਜਨਰਲ ਸੈਕਟਰੀ ਦੀ ਸੇਵਾ ਬੜੇ ਸੁਲਝੇ ਢੰਗ ਨਾਲ ਨਿਭਾਉਂਦੇ ਆ ਰਹੇ ਹਨ, ਸਾਡੀ ਸੰਸਥਾ ਆਪ ਜੀ ਤੇ ਬੜਾ ਮਾਣ ਕਰਦੀ ਹੈ।

**ਬਾਬਾ ਸਰਬਜੋਤ ਸਿੰਘ ਬੇਦੀ** (ਊਨਾ ਸਾਹਿਬ ਵਾਲੇ)
ਪ੍ਰਧਾਨ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ

PDF created with pdfFactory Pro trial version www.pdffactory.com

# ਸ੍ਰੀ ਮੁਖਵਾਕ ਲੈਣ ਸਬੰਧੀ ਕੁਝ ਜ਼ਰੂਰੀ ਬੇਨਤੀਆਂ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਗੁਰਬਾਣੀ 'ਤੇ ਭਰੋਸਾ ਰੱਖਣ ਵਾਲੇ, ਗੁਰਬਾਣੀ ਨੂੰ ਗੁਰੂ ਸਰੂਪ ਮੰਨਣ ਵਾਲੇ, ਗੁਰਮਤਿ ਵਿਸ਼ਵਾਸ਼ੀਆਂ ਸਮੂੰਹ ਗੁਰਮੁਖਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਜੋ ਇਹ ਨਿਮਾਣਾ ਜਿਹਾ ਉੱਦਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਵਾਰ-ਵਾਰ ਆਉਣ ਵਾਲੇ ਮੁਖਵਾਕਾਂ ਦੀ ਵਿਆਖਿਆ ਦਾ ਕੀਤਾ ਗਿਆ ਹੈ। ਇਹ ਉੱਦਮ ਦਾਸ ਜਾਂ ਜੱਥੇ ਵਿਚ ਰਹਿੰਦੇ ਵਿਦਿਆਰਥੀਆਂ ਦਾ ਨਹੀਂ, ਬਲਕਿ ਸਤਿਗੁਰੂ ਜੀ ਨੇ ਆਪ ਹੀ ਬਖਸ਼ਿਸ਼ ਕਰਕੇ ਇਹ ਕਾਰਜ ਨੇਪਰੇ ਚਾੜ੍ਹਿਆ ਹੈ। ਜੱਥੇ ਵਿੱਚ ਪੜ੍ਹੇ ਸਮੂਹ ਗਿਆਨੀ ਸਿੰਘਾਂ ਦੀ ਪ੍ਰੇਰਨਾ ਸਦਕਾ ਕਿ ਕੋਈ ਅਜਿਹੀ ਪੋਥੀ ਹੋਵੇ ਜਿਸ ਵਿਚ ਚੋਣਵੇਂ ਮੁਖਵਾਕਾਂ ਦੀ ਵਿਆਖਿਆ ਹੋਵੇ। ਇਸ ਗੱਲ ਨੂੰ ਮੱਦੇ ਨਜ਼ਰ ਰੱਖ ਕੇ ਇਹ ਪੋਥੀ ਲਿਖਣਾ ਕੀਤੀ ਹੈ। ਜੋ ਇਸ ਵਿੱਚ ਤਰੁੱਟੀਆਂ ਹਨ ਉਹ ਤਾਂ ਸਾਡੇ ਵੱਲੋਂ ਹੋ ਸਕਦੀਆਂ ਹਨ। ਜੋ ਇਸ ਵਿਆਖਿਆ ਵਿਚ ਉੱਤਮ ਵਿਚਾਰ ਨਜ਼ਰ ਆਵੇ, ਉਹ ਸਾਰੀ ਗੁਰੂ ਦੀ ਬਖਸ਼ਿਸ਼ ਸਮਝਣੀ। ਇਸ ਗ੍ਰੰਥ ਦਾ ਨਾਮ ਜੋ *"ਗੁਰਵਾਕ ਚਾਨਣ"* ਰੱਖਿਆ ਗਿਆ ਹੈ ਉਹ ਇਸ ਆਸ਼ੇ ਨੂੰ ਲੈ ਕੇ ਰੱਖਿਆ ਗਿਆ ਹੈ ਕਿ ਗੁਰੂ ਦੇ ਬਚਨਾਂ ਦਾ ਅਰਥ ਰੂਪ ਗਿਆਨ ਦਾ ਚਾਨਣਾ, ਜਿਸ ਚਾਨਣ ਵਿੱਚ ਅਸੀਂ ਭਗਤੀ ਮਾਰਗ 'ਤੇ ਤੁਰ ਕੇ ਪ੍ਰਭੂ ਪ੍ਰਾਪਤੀ ਰੂਪ ਮੰਜ਼ਲ 'ਤੇ ਪਹੁੰਚ ਸਕੀਏ। ਦਾਸਾਂ ਨੇ ਹਮੇਸ਼ਾ ਇਸ ਗੱਲ ਨੂੰ ਮੁੱਖ ਰੱਖਿਆ ਹੈ ਕਿ ਵਿਆਖਿਆ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪੜ੍ਹਾਏ ਅਰਥ ਜੋ ਸੰਪਰਦਾਈ ਗਿਆਨੀਆਂ ਰਾਹੀਂ ਸੀਨਾ-ਬਸੀਨਾ ਚਲੇ ਆਏ ਹਨ ਉਹਨਾਂ ਅਰਥਾਂ ਨੂੰ ਮੁੱਖ ਰੱਖ ਕੇ ਹੀ ਇਹ ਵਿਆਖਿਆ ਲਿਖੀ ਜਾਵੇ। ਪਰ ਫਿਰ ਵੀ ਇਸ ਵਿਚ ਗਲਤੀਆਂ ਰਹਿਣੀਆ ਕੋਈ ਅਣਹੋਣੀ ਗੱਲ ਨਹੀਂ, ਕਿਉਂਕਿ ਮਨੁੱਖ ਸਦਾ ਹੀ ਭੁੱਲਣਹਾਰ ਹੈ।

ਇਸ ਥਾਂ 'ਤੇ ਇਹ ਦੱਸਣਾ ਵੀ ਜ਼ਰੂਰੀ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਥਾਪਤ ਕਰਨ ਸਮੇਂ ਤੋਂ ਹੀ (ਫੁਰਮਾਨ) ਹੁਕਮਨਾਮਾ ਲੈਣ ਦੀ ਮਰਯਾਦਾ ਪ੍ਰਚਲਤ ਹੈ। ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਜਾਂ ਦੀਵਾਨ ਦੀ ਸਮਾਪਤੀ ਸਮੇਂ ਮੁਖਵਾਕ ਲਿਆ ਜਾਂਦਾ ਹੈ ਜਾਂ ਕਿਸੇ ਕਾਰਜ ਦੇ ਆਰੰਭ ਸਮੇਂ ਮਨੋਰਥ ਦੀ ਪੂਰਤੀ ਲਈ ਅਰਦਾਸ ਉਪਰੰਤ ਵੀ ਮੁਖਵਾਕ ਲਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਤੋਂ ਮੁਖਵਾਕ ਲੈਣਾ ਤੇ ਹੁਕਮ ਸੁਣਨਾ ਕਿਸੇ ਕਰਮ ਕਾਂਡ ਜਾਂ ਰੀਤ ਰਸਮ ਦਾ ਹਿੱਸਾ ਨਹੀਂ ਹੈ। ਇਹ ਤਾਂ ਸਾਨੂੰ ਸੱਚੇ ਪਾਤਸ਼ਾਹ ਦਾ ਹੁਕਮ ਹੁੰਦਾ ਹੈ ਜੋ ਸੰਤ ਤੇ ਸਿਪਾਹੀ ਵਾਂਗ ਨਿਭਾਉਣਾ ਹੁੰਦਾ ਹੈ। ਕਨਿੰਘਮ ਨੇ ਠੀਕ ਕਿਹਾ ਸੀ ਕਿ ਸਿੱਖ ਨੂੰ ਕਿਸੇ ਦੁਨਿਆਵੀ ਆਗੂ ਦੀ ਲੋੜ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਹਨਾਂ ਨੂੰ ਜਾਗਤਾ ਦੇਵ (ਲਿਵੰਗ ਡੀਵਾਈਨ) ਮਿਲ ਗਿਆ ਹੈ। ਸਿੱਖਾਂ ਵਿਚ ਜੇ ਕਦੇ ਦੁਬਿਧਾ, ਦੁਚਿੱਤਾਪਣ, ਨਿਮੋਝੂਣਤਾ, ਜਾਂ ਮਾਯੂਸੀ ਆਈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਨੇ ਨਿਰਣਾ ਕਰ ਦਿੱਤਾ। ਪ੍ਰਾਚੀਨ ਪੰਥ ਪ੍ਰਕਾਸ ਦਾ ਕਹਿਣਾ ਹੈ ਕਿ ਸਿੱਖ ਤਾਂ ਕਹਿੰਦੇ ਹੀ ਇਹ ਸਨ: **"ਦਈ ਗੁਰੂ ਗ੍ਰੰਥ ਅਵਾਜ਼॥ ਸੋਊ ਕਰੈਗੋ ਹਮਰੈ ਕਾਜ॥**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹਣ ਦਾ ਚਿੱਤ ਧਾਰਿਆ ਤਾਂ ਉਸ ਵੇਲੇ ਦੀ ਸਾਡੇ ਪਾਸ ਗਵਾਹੀ ਹੈ ਕਿ ਉਨ੍ਹਾਂ ਇਹ ਸੋਚਿਆ ਕਿ ਪੰਥ ਨੂੰ ਸਹੀ ਅਗਵਾਈ ਮਿਲਦੀ ਰਹੇ। ਇਸ

PDF created with pdfFactory Pro trial version www.pdffactory.com

ਲਈ ਗ੍ਰੰਥ ਰਚਿਆ ਜਾਵੇ। ਮਹਿਮਾ ਪ੍ਰਕਾਸ਼ ਦੇ ਸ਼ਬਦ ਹਨ :—

**ਏਕ ਦਿਵਸ ਪ੍ਰਭ ਪ੍ਰਾਤਹ ਕਾਲ॥ ਦਇਆ ਭਰੇ ਪ੍ਰਭ ਦੀਨ ਦਿਆਲ॥**
**ਯਹ ਮਨ ਉਪਜੀ ਪਰਗਟਿਓ ਜਗ ਪੰਥ॥ ਤਿਹ ਕਾਰਨ ਕੀਜੈ ਅਬ ਗ੍ਰੰਥ॥**

ਜਦੋਂ ਬੀੜ ਰਾਮਸਰ ਵਿਖੇ ਤਿਆਰ ਹੋ ਗਈ ਤਾਂ ਆਪ ਜੀ ਨੇ ਬਾਬਾ ਬੁੱਢਾ ਜੀ ਕੋਲੋਂ ਪੁੱਛਿਆ ਕਿ ਇਸ ਦਾ ਪ੍ਰਕਾਸ਼ ਕਿਥੇ ਕਰੀਏ? ਤਾਂ ਨਿਮਰਤਾ ਵਿਚ ਬਾਬਾ ਜੀ ਨੇ ਕਿਹਾ ਕਿ ਆਪ ਜੀ ਤੋਂ ਕੌਣ ਸਿਆਣਾ ਹੈ? ਪਰ ਮਹਾਰਾਜ ਸਾਡੀ ਨਾਚੀਜ਼ ਰਾਇ ਹੈ :—

**ਸ੍ਰੀ ਗਰੰਥ ਲਾਇਕ ਦਰਬਾਰਾ॥ ਔਰ ਅਸਥਾਨ ਨ ਕੋਈ ਮੁਰਾਰਾ॥**

ਦਰਬਾਰ ਸਹਿਬ ਤੋਂ ਬਿਨਾਂ ਕੋਈ ਹੋਰ ਥਾਂ ਜਚਦੀ ਨਹੀਂ। ਮਹਾਰਾਜ ਜੀ ਨੇ ਫੁਰਮਾਇਆ :—

**ਸਮ ਜਹਾਜ਼ ਬਨ ਹੈ ਦਰਬਾਰਾ॥**

ਇਹ ਦਰਬਾਰ ਸਾਹਿਬ ਜਹਾਜ਼ ਦੀ ਨਿਆਈਂ ਹੈ ਅਤੇ ਖੇਵਟ ਦੀ ਲੋੜ ਹੈ। ਤੇ ਇਹ ਗੁਰੂ ਸ਼ਬਦ ਤੋ ਸਿਵਾਇ ਹੋਰ ਕੋਈ ਨਹੀਂ। ਸੋ ਨਿਰਣਾ ਲੈ ਲਿਆ ਕਿ ਪ੍ਰਕਾਸ਼ ਉੱਥੇ ਹੀ ਕਰਨਾ ਹੈ। ਰਾਮਸਰ ਉਸ ਰਾਤ ਆਪ ਜੀ ਸੰਗਤਾਂ ਸਮੇਤ ਭੁੰਜੇ ਹੀ ਸੁੱਤੇ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਜੀ 'ਤੇ ਬਿਸਰਾਮ ਕਰਾਇਆ :—

**ਭੂਮ ਸੈਨ ਸਭੁ ਤਹਾਂ ਬਿਰਾਜੇ। ਗੁਰੂ ਗਰੰਥ ਮੰਜੀ ਪਰ ਰਾਜੇ।**

ਗੁਰੂ ਬਿਲਾਸ ਵਿੱਚ ਲਿਖਿਆ ਹੈ ਕਿ ਸਭ ਸੌਂ ਗਏ ਪਰ ਗੁਰੂ ਜੀ ਜਾਗ ਰਹੇ ਸਨ। ਉਹਨਾਂ ਦੀ ਸੋਚ ਦਾ ਧੁਰਾ ਸੀ ਕਿ ਗਰੰਥੀ-ਸੇਵਾਦਾਰ ਗੁਰੂ ਗਰੰਥ ਸਾਹਿਬ ਜੀ ਦਾ ਕਿਸ ਨੂੰ ਥਾਪੀਏ? ਭਾਈ ਗੁਰਦਾਸ ਜੀ ਨੇ ਬਾਣੀ ਲਿਖੀ ਸੀ। ਬਾਬਾ ਬੁੱਢਾ ਜੀ ਨੇ ਆਪਣਾ ਜੀਵਨ ਗੁਰਬਾਣੀ ਅਨੁਸਾਰ ਢਾਲਿਆ ਸੀ :—

**ਨਿਜ ਨਿਜ ਆਸਨ ਸਭ ਹੀ ਬੈਠੇ। ਦਯਾ ਸਿੰਧ ਮਨ ਐਸੀ ਪੈਠੇ।**
**ਨਿਜ ਮਨ ਏਹੁ ਵਿਚਾਰਤ ਭਏ। ਗੁਰੂ ਗਰੰਥ ਸੇਵਕ ਕਿੰਹ ਕਏ।**

ਆਪ ਜੀ ਨੇ ਨਿਰਣਾ ਲੈ ਲਿਆ ਕਿ ਬਾਬਾ ਬੁੱਢਾ ਜੀ ਸਭ ਤੋਂ ਢੁੱਕਵੇਂ ਹਨ :—

**ਚਾਰ ਗੁਰੂ ਸੇਵਾ ਕਈ ਪਾਯੋ ਪਰਮ ਨਿਧਾਨ।**
**ਸੇਵਕ ਕੀ ਇਹ ਬਸਤ ਹੈ, ਸ੍ਰੀ ਮੁਖ ਕੀਓ ਬਖਾਨ।**

ਸਵੇਰੇ ਬੀੜ ਦੀ ਜ਼ਿਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪੀ। ਉਨ੍ਹਾਂ ਦੇ ਸਿਰ 'ਤੇ ਬੀੜ ਟਿਕਾਈ ਤੇ ਆਪੂੰ ਹੱਥੀਂ ਚੌਰ ਕਰਦੇ ਦਰਬਾਰ ਲੈ ਆਏ :—

**ਸਾਹਿਬ ਬੁਢਾ ਆਗੇ ਕੀਨਾ। ਤਹਿ ਪਾਛੈ ਸਤਿਗੁਰ ਸੁਖ ਲੀਨਾ।**

ਜਦ ਪ੍ਰਕਾਸ਼ ਹੋ ਗਿਆ ਤਾਂ ਮਹਾਰਾਜ ਜੀ ਨੇ ਕਿਹਾ :—

**ਬੁਢਾ ਸਾਹਿਬ ਖੋਲਹੁ ਗਰੰਥ॥ ਲੇਹੁ ਆਵਾਜ਼ ਸੁਨਹਿ ਸਭ ਪੰਥ॥**
**ਅਦਬ ਸੰਗ ਤਬਿ ਗਰੰਥ ਸੋ ਖੋਲ੍ਹਾ॥ ਲੇ ਆਵਾਜ਼ ਬੁੱਢਾ ਮੁੱਖ ਬੋਲਾ॥**

ਇਸ ਸਮੇਂ ਦਾ ਵਾਕ ਸੀ :

[ਆਦਿ ਅੰਗ ੭੮੩]

***ਸੂਹੀ ਮਹਲਾ ੫ ॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ***

PDF created with pdfFactory Pro trial version www.pdffactory.com

***ਕਰਾਇਆ ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥***

## ਹੁਕਮਨਾਮਾ ਚੰਗਾ ਜਾਂ ਮਾੜਾ—ਬਾਰੇ ਵਿਚਾਰ :—

ਆਮ ਵੇਖਣ ਵਿੱਚ ਆਉਂਦਾ ਹੈ ਜਦੋਂ ਕੋਈ ਪਰਿਵਾਰ ਵਲੋਂ ਕਿਸੇ ਕਾਰਜ ਦੀ ਸਫਲਤਾ ਲਈ ਗੁਰਦੁਆਰੇ ਜਾਂ ਘਰ ਵਿਖੇ ਅਖੰਡ ਪਾਠ ਜਾਂ ਸਹਿਜ ਪਾਠ ਕਰਵਾਇਆ ਜਾਂਦਾ ਹੈ। ਅਰਦਾਸ ਤੋਂ ਉਪਰੰਤ ਜੇਕਰ ਐਸਾ ਮੁਖਵਾਕ ਆ ਜਾਵੇ ਜਿਸ ਵਿਚ ਆਪਣੇ ਮਨੋਰਥ ਦੇ ਨਾਲ ਸਿਧਾਂਤ ਮਿਲਦਾ ਹੋਵੇ। ਤਾਂ ਸਾਰੇ ਸੰਬੰਧੀ ਬਹੁਤ ਖੁਸ਼ ਹੁੰਦੇ ਹਨ ਕਿ ਬਹੁਤ ਚੰਗਾ ਮੁੱਖਵਾਕ ਆਇਆ ਹੈ। ਗ੍ਰੰਥੀ ਸਿੰਘ ਵੀ ਪਰਿਵਾਰ ਵਾਲਿਆਂ ਦੀ ਤਸੱਲੀ ਲਈ ਪਹਿਲਾਂ ਹੀ ਇਸ ਤਰ੍ਹਾਂ ਦਾ ਅੰਗ ਕੱਢ ਰਖਦੇ ਹਨ। ਜਾਂ ਨਿਸ਼ਾਨੀ ਲਾ ਰੱਖਦੇ ਹਨ, ਗੁਰਬਾਣੀ ਲਈ ਮਾੜਾ ਵਿਸ਼ੇਸ਼ਣ ਵਰਤਣਾ ਗੁਰਬਾਣੀ ਤੋਂ ਅਨਜਾਣ ਵੀਰਾਂ ਦਾ ਬਹੁਤ ਵੱਡਾ ਭਰਮ ਹੈ। ਗੁਰਬਾਣੀ ਦੇ ਅਰਥਾਂ ਤੋਂ ਵਾਂਝੇ ਬਹੁਤ ਸਾਰੇ ਵਿਅਕਤੀਆਂ ਨੂੰ ਸਤਿਗੁਰਾਂ ਦੀ ਬਾਣੀ ਵੀ ਚੰਗੀ ਮਾੜੀ ਦਿਸਣ ਲੱਗ ਪਈ। ਕੁਝ ਵਹਿਮੀ ਕਿਸਮ ਦੇ ਗੁਰਮਤਿ ਤੋਂ ਅਨਜਾਣ ਲੋਕ ਆਪਣੀ ਮਰਜ਼ੀ ਅਨੁਸਾਰ ਲੱਭ ਕੇ ਵਾਕ ਲੈਂਦੇ ਹਨ। ਜਿਸ ਤਰ੍ਹਾਂ ਇਕ ਸੰਤ ਜੀ ਨੇ ਗ੍ਰੰਥੀ ਨੂੰ ਹੁਕਮਨਾਮਾ ਲੈਣ ਲਈ ਕਿਹਾ। ਜਦੋਂ ਹੁਕਮਨਾਮਾ ਲਿਆ ਉਹ ਸੰਤ ਜੀ ਨੂੰ ਚੰਗਾ ਨਹੀਂ ਲੱਗਾ ਤੇ ਕਹਿਣ ਲੱਗਾ ਕਿ ਮੈਂ ਤੈਨੂੰ ਚੰਗਾ ਨਹੀਂ ਲੱਗਦਾ ? ਜੇ ਮੇਰਾ ਐਕਸੀਡੈਂਟ ਹੋ ਗਿਆ ਮੈਂ ਮਰ ਗਿਆ ਫਿਰ ! ਗ੍ਰੰਥੀ ਸਿੰਘ ਕਹਿਣ ਲੱਗਾ ਕਿ ਬਾਬਾ ਜੀ ! ਇਸ ਵਿਚ ਮੇਰਾ ਕੀ ਕਸੂਰ ਹੈ। ਸੰਤ ਕਹਿਣ ਲੱਗਾ ਕਿ ਤੂੰ ਜਾਣਕੇ ਹੁਕਮਨਾਮਾ ਗਲਤ ਲਿਆ ਹੈ ਕੋਈ ਚੰਗਾ ਹੁਕਮਨਾਮਾ ਲੈਣਾ ਕਰ। ਫਿਰ ਗ੍ਰੰਥੀ ਸਿੰਘ ਨੇ ਦੁਬਾਰਾ ਹੁਕਮਨਾਮਾ ਲਿਆ ਤਾਂ ਵਿਚਾਰੇ ਦਾ ਖਹਿੜਾ ਛੁਟਿਆ। ਸੋ ਮੇਰੇ ਲਿਖਣ ਤੋਂ ਭਾਵ ਹੈ ਕਿ ਗੁਰਬਾਣੀ ਦੇ ਅਰਥਾਂ ਤੋਂ ਕੋਰੇ ਅਗਿਆਨਤਾ ਵਿਚ ਫਸੇ ਹੋਏ ਲੋਕਾਂ ਨੇ ਗੁਰਬਾਣੀ ਨੂੰ ਵੀ ਚੰਗੀ ਜਾਂ ਮਾੜੀ ਸਮਝਿਆ ਹੋਇਆ ਹੈ। ਐਸੀ ਹਾਲਤ ਨੂੰ ਦੇਖ ਕੇ ਪੰਥ ਨੇ ਫੈਸਲਾ ਕੀਤਾ ਕਿ ਪੁਰਾਤਨ ਸਮੇਂ ਭਾਵੇਂ ਸਿੱਖ ਕਿਸੇ ਤਰ੍ਹਾਂ ਵੀ ਹੁਕਮ ਲੈਂਦੇ ਸੀ। ਬਾਣੀ ਸਾਰੀ ਰੱਬੀ ਹੁਕਮ ਹੀ ਹੈ। ਪਰ ਇਹ ਰੀਤ ਸਾਰੇ ਪੰਥ ਦੀ ਇਕ ਹੋਵੇ। ਇਸ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਕਮੇਟੀ ਨੇ ਸਮੂਹ ਵਿਦਵਾਨਾਂ ਦੀ ਰਾਇ ਲੈ ਕੇ ਹੁਕਮਨਾਮੇ ਦੀ ਮਰਿਆਦਾ ਕਾਇਮ ਕੀਤੀ ਤਾਂ ਕਿ ਕੋਈ ਅਪਣੀ ਮਰਜ਼ੀ ਨਾ ਕਰੇ। ਜਦੋਂ ਸੰਤ ਸਮਾਜ ਦਾ ੮ ਅਗਸਤ ੧੯੯੪ ਨੂੰ ਜੋਧਾਂ ਮਨਸੂਰਾਂ ਵਿਚ ਪਹਿਲਾ ਇਕੱਠ ਹੋਇਆ ਉਸ ਵਿਚ ਸਰਬ ਸੰਮਤੀ ਨਾਲ ਮਰਯਾਦਾ ਇਕ ਕਰਨ ਦੀ ਗੱਲ ਚੱਲੀ। ਫਿਰ ਸੰਤ ਸਮਾਜ ਵੱਲੋਂ ਇਕ ਖਰੜਾ ਤਿਆਰ ਹੋਇਆ। ਸਮੂੰਹ ਸੰਪ੍ਰਦਾਵਾਂ ਜਿਨ੍ਹਾਂ ਵਿਚ ਨਿਹੰਗ ਸਿੰਘ, ਨਿਰਮਲੇ, ਸੇਵਾ ਪੰਥੀ, ਸੰਪ੍ਰਦਾਇ ਭਾਈ ਮਨੀ ਸਿੰਘ, ਸੰਪ੍ਰਦਾਇ ਰਾੜੇ ਵਾਲੀ, ਕਲੇਰਾਂ, ਭਿੰਡਰਾਂ ਵਾਲੀ ਟਕਸਾਲ ਤੇ ਹਿੰਦੋਸਤਾਨ ਦੇ ਕੋਨੇ-ਕੋਨੇ ਵਿਚੋਂ ਆਏ ਸਾਧੂ ਮਹਾਤਮਾਂ ਨੇ ਰਲਕੇ ਚੌਦਾਂ ਗਿਆਨੀ ਮਹਾਤਮਾਂ ਦੀ ਡਿਊਟੀ ਖਰੜਾ ਤਿਆਰ ਕਰਨ ਲਈ ਲਾਈ। ਤਾਂ ਉਸ ਮਰਯਾਦਾ ਦੇ ਖਰੜੇ ਮੁਤਾਬਕ ਮੁੱਖਵਾਕ ਲੈਣ ਦੀ ਰੀਤ ਉਹੀ ਹੈ। ਜੋ ਪੰਥ ਵਿਚ ਪਹਿਲਾਂ ਹੀ ਪ੍ਰਮਾਣਿਤ ਕੀਤੀ ਹੋਈ ਹੈ। ਕਿ ਜਦੋਂ ਸਤਿਗੁਰੂ ਜੀ ਦਾ ਪ੍ਰਕਾਸ਼ ਕੀਤਾ ਜਾਵੇ ਤਾਂ ਜੋ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਦੇ ਖੱਬੇ ਭਾਵ ਜਪੁਜੀ ਸਾਹਿਬ ਵਾਲੇ ਪਾਸੇ ਉਪਰੋਂ ਨਜ਼ਰ ਮਾਰ ਕੇ ਵੇਖੀਦਾ ਹੈ। ਜਿਹੜਾ ਸ਼ਬਦ ਖੱਬੇ ਪਾਸੇ ਦੇ ਅੰਗ ਤੇ ਪਹਿਲੀ ਲਾਇਨ ਤੋਂ ਸ਼ੁਰੂ ਹੁੰਦਾ ਹੈ ਤਾਂ ਉਹ ਉਸ ਵੇਲੇ ਦਾ ਹੁਕਮਨਾਮਾ ਹੈ। ਜੇਕਰ ਉਹ ਸ਼ਬਦ ਪਿਛਲੇ ਪਾਸੇ ਤੋਂ ਆਰੰਭ ਹੁੰਦਾ ਹੈ ਤਾਂ ਅੰਗ ਪਰਤ ਕੇ ਉਹ ਹੁਕਮਨਾਮਾ ਲਿਆ ਜਾਂਦਾ ਹੈ ਤੇ ਖੱਬੇ ਪਾਸੇ ਆ ਕੇ ਸਮਾਪਤ ਹੁੰਦਾ ਹੈ। ਇਸ ਦਾ ਅਰਥ ਵੀ ਸਪਸ਼ਟ ਹੁੰਦਾ ਹੈ ਕਿ ਵਾਕ ਤਾਂ ਸਾਰੇ ਹੀ ਗੁਰੂ ਜੀ ਦੇ ਹਨ। ਪਰ ਜੋ ਪ੍ਰਕਾਸ਼ ਕਰਨ ਵੇਲੇ ਸਭ ਤੋਂ ਪਹਿਲਾਂ ਮੁਢੋਂ ਸ਼ਬਦ ਆਵੇ ਉਹ ਹੀ ਮੁਖਵਾਕ ਹੈ। ਜਿਵੇਂ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਕਿਸੇ ਬਿਰਛ ਦਾ ਮੁੱਢ ਨਹੀਂ ਬਦਲਦਾ ਤੇ ਮਨੁੱਖ ਦਾ ਆਪਣਾ ਮੂੰਹ ਵੀ ਸਵੇਰੇ-ਸ਼ਾਮ ਹੋਣ ਨਾਲ ਬਦਲ ਨਹੀਂ ਜਾਂਦਾ। ਫਿਰ ਸਮੇਂ ਨਾਲ ਗੁਰੂ ਦਾ ਹੁਕਮ ਭਾਵ ਮੁੱਖਵਾਕ

PDF created with pdfFactory Pro trial version www.pdffactory.com

ਕਿਸ ਤਰ੍ਹਾਂ ਬਦਲ ਜਾਵੇਗਾ। ਜੋ ਸਾਧੂ ਮੱਤ ਵਿਚ ਇਹ ਵਿਚਾਰ ਆਉਂਦੀ ਹੈ ਕਿ ਸਵੇਰ ਦਾ ਹੋਰ, ਦੁਪਹਿਰ ਦਾ ਹੋਰ, ਤੇ ਸ਼ਾਮ ਦਾ ਹੋਰ ਹੁਕਮਨਾਮਾ ਹੈ। ਇਹ ਰੀਤ ਠੀਕ ਨਹੀਂ ਹੈ ਸਮੇਂ ਦੇ ਨਾਲ ਸਾਡੀ ਹੁਕਮਨਾਮੇ ਦੀ ਰੀਤ ਕਿਉਂ ਬਦਲੇ ਇਹ ਖਰੜੇ ਦੀ ਲਿਖਾਈ ਸੁਧਾਈ ਦੇ ਹਰ ਸਮੇਂ ਦਾਸ ਇਹਨਾਂ ਚੌਂਦਾਂ ਮਹਾਂਪੁਰਸ਼ਾਂ ਗਿਆਨੀ ਸਿੰਘਾਂ ਵਿਚ ਹਾਜ਼ਰ ਸੀ। ਇਹ ਖਰੜਾ ਬਾਬਾ ਸਰਬਜੋਤ ਸਿੰਘ ਜੀ ਅਤੇ ਬਾਬਾ ਠਾਕੁਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਤਿਆਰ ਹੋਇਆ। ਇਸ ਲਈ ਸਾਰੇ ਸਿੱਖ ਜਗਤ ਦੀ ਇਕ ਹੀ ਰੀਤ ਹੈ। ਜੇ ਕੋਈ ਸ਼ੰਕਾ ਕਰੇ ਤਾਂ ਭਰਮ ਵਿਚ ਨਹੀਂ ਪੈਣਾ। ਇਸ ਪੋਥੀ ਵਿਚ ਸੰਤ ਸਮਾਜ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਮਾਣ ਨਾਲ ਕੋਈ ਸ਼ੰਕਾ ਬਾਕੀ ਨਹੀਂ ਰਹਿ ਜਾਂਦੀ। ਇਸ ਲਈ ਇਹ ਸਰਬ ਪ੍ਰਮਾਣਤ ਰੀਤ ਹੈ। ਇਸ ਦੇ ਮੁਤਾਬਕ ਇਹ ੧੧੯ ਹੁਕਮਨਾਮੇ ਪਹਿਲੇ ਭਾਗ ਵਿਚ ਹਨ ਅਤੇ ੧੨੦ ਤੋਂ ੧੯੮ ਤੱਕ ੭੯ ਮੁਖਵਾਕ ਦੂਜੇ ਭਾਗ ਵਿਚ ਛਪ ਚੁਕੇ ਹਨ। ਕੁਝ ਅਜਿਹੀਆਂ ਮਜਬੂਰੀਆਂ ਸਨ, ਵੈਸਾਖੀ ਤੱਕ ਰੀਲੀਜ਼ ਕਰਨ ਲਈ ਪਹਿਲਾ ਭਾਗ ਹੀ ਤਿਆਰ ਹੋ ਸਕਿਆ ਸੀ। ਗੁਰੂ ਕਿਰਪਾ ਨਾਲ ਦੂਜਾ ਭਾਗ, ਪਹਿਲੇ ਭਾਗ ਦੀ ਦੂਜੀ ਐਡੀਸ਼ਨ ਨਾਲ ਛਪ ਚੁੱਕਾ ਹੈ। ਅੰਤ ਵਿਚ ਬੇਨਤੀ ਹੈ ਕਿ ਗੁਣੀ ਗਿਆਨੀ ਜਿਥੇ ਵੀ ਕਮੀ ਵੇਖਣ ਉਹ ਦਾਸਾਂ ਨੂੰ ਲਿਖ ਭੇਜਣ ਤਾਂ ਕਿ ਆਉਣ ਵਾਲੀ ਐਡੀਸ਼ਨ ਵਿਚ ਹੋਰ ਸੁਧਾਰ ਹੋ ਸਕੇ।

ਅਖੀਰ ਵਿਚ ਦਾਸ ਆਪਣੇ ਵਿਦਿਆ ਦਾਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਬ੍ਰਹਮਵੇਤੇ ਮਹਾਂਪੁਰਖ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁੱਖੀ ਤੋਂ ਵਰੋਸਾਏ ਹੋਏ ਮਹਾਨ ਵਿਦਵਾਨ ਸੰਤ ਗਿਆਨੀ ਇੰਦਰਜੀਤ ਸਿੰਘ ਜੀ (ਰਕਬੇ ਵਾਲਿਆਂ) ਦਾ ਧੰਨਵਾਦੀ ਹੈ ਜਿਨ੍ਹਾਂ ਨੇ ਗੁਰਮਤਿ ਦੀ ਵਿਦਿਆ ਦੇ ਅੱਖਰਾਂ ਦਾ ਦਾਸ ਨੂੰ ਜਾਣੂ ਕਰਵਾਇਆ, ਬੜੀ ਉਦਾਰਤਾ ਨਾਲ ਖੁਲ੍ਹਾ ਸਮਾਂ ਦੇ ਕੇ ਦਾਸ ਅਨਅਧਿਕਾਰੀ ਨੂੰ ਵੀ ਉਤਸ਼ਾਹਤ ਕਰਕੇ ਸੰਗਤਾਂ ਦੇ ਦਰਸ਼ਨ ਕਰਨ ਦੇ ਯੋਗ ਕੀਤਾ। ਜੱਥੇ ਦੇ ਵਿਦਿਆਰਥੀ ਸਿੰਘਾਂ ਦਾ ਜਿਨ੍ਹਾਂ ਨੇ ਰਾਤ ਦਿਨ ਦਾਸ ਦੇ ਨਾਲ ਲਿਖਣ ਵਿੱਚ ਸਹਾਇਤਾ ਕੀਤੀ, ਦਾਸ ਧੰਨਵਾਦੀ ਹੈ। ਧੰਨਵਾਦੀ ਹੈ।

*ਗੁਰੂ ਪੰਥ ਦਾ ਦਾਸ :—*
**ਹਰੀ ਸਿੰਘ**
*ਜਨਰਲ ਸੈਕਟਰੀ*
ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ

ਗੁਰਮਤਿ ਵਿਦਿਆਲਾ ਜੱਥਾ ਰੰਧਾਵਾ
ਪਿੰਡ ਰੰਧਾਵਾ
ਤਹਿਸੀਲ, ਜ਼ਿਲ੍ਹਾ ਫਤਹਿਗੜ ਸਾਹਿਬ (ਪੰਜਾਬ)
ਫੋਨ—(੦੧੭੬੩) ੬੬੨੨੭, ੩੦੯੯੫ ੬੬੩੦੫

PDF created with pdfFactory Pro trial version www.pdffactory.com

# ਰਾਗਾਂ ਦੀ ਵਿਆਖਿਆ

ਕਈ ਮੱਤਾਂ ਵਿਚ ਰਾਗ ਗਾਉਣ ਦੀ ਮਨਾਹੀ ਹੈ। ਉਨ੍ਹਾਂ ਦਾ ਐਸਾ ਵਿਸ਼ਵਾਸ਼ ਹੈ ਕਿ ਰਾਗ ਮਨ ਨੂੰ ਚੰਚਲ ਕਰਦਾ ਹੈ। ਪਰ ਐਸਾ ਨਹੀਂ। ਵਾਸਤਵ ਵਿਚ ਰਾਗ ਇਕ ਸੋਨੇ ਦੇ ਬਰਤਨ ਦੀ ਨਿਆਈਂ ਹੈ। ਜੇ ਸੋਨੇ ਦੇ ਬਰਤਨ ਵਿਚ ਕੋਈ ਪੁਰਸ਼ ਜ਼ਹਿਰ ਪਾ ਕੇ ਪੀ ਲਵੇ ਤਾਂ ਉਸ ਦੀ ਮੌਤ ਹੋ ਜਾਵੇਗੀ। ਇਸ ਵਿਚ ਬਰਤਨ ਦਾ ਕਸੂਰ ਨਹੀਂ, ਕਸੂਰ ਉਸ ਵਿਚ ਜ਼ਹਿਰ ਪਾਉਣ ਵਾਲੇ ਦਾ ਹੈ। ਜੇ ਕੋਈ ਸੋਨੇ ਦੇ ਬਰਤਨ ਵਿਚ ਅੰਮ੍ਰਿਤ ਪਾ ਕੇ ਪੀਵੇ ਤਾਂ ਉਸਨੂੰ ਅਮਰ ਜੀਵਨ ਮਿਲਦਾ ਹੈ। ਇਸੇ ਤਰ੍ਹਾਂ ਰਾਗ ਦੀ ਗੱਲ ਹੈ। ਜੋ ਰਾਗ ਵਿਚ ਮਨ ਨੂੰ ਚੰਚਲ ਕਰਨ ਵਾਲੇ, ਵਿਸ਼ੇ ਵਿਕਾਰਾਂ ਦੀ ਵਾਸ਼ਨਾ ਨੂੰ ਭੜਕਾਉਣ ਵਾਲੇ ਗੀਤ ਗਾਉਣੇ ਹਨ ਇਹ ਜ਼ਹਿਰ ਦੀ ਨਿਆਈਂ ਹੈ ਜਿਸ ਨਾਲ ਮਨੁੱਖ ਦੀ ਆਤਮਿਕ ਮੌਤ ਹੋ ਜਾਦੀ ਹੈ ਤੇ ਐਸੇ ਗੀਤ ਜੀਵ ਨੂੰ ਨਰਕਾਂ ਵਿਚ ਲਿਜਾਣ ਦਾ ਕਾਰਨ ਬਣਦੇ ਹਨ। ਜੇ ਇਨ੍ਹਾਂ ਹੀ ਰਾਗਾਂ ਵਿਚ ਪ੍ਰਭੂ ਦੀ ਉਸਤਤ ਦੇ ਗੀਤ ਗਾਏ ਜਾਣ ਤਾਂ ਆਤਮਿਕ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਗੁਰੂ ਜੀ ਨੇ ਸਾਰੀ ਬਾਣੀ ਰਾਗਾਂ ਵਿਚ ਉਚਾਰਨ ਕੀਤੀ ਹੈ ਜਿਸਨੂੰ ਸੁਣਨ ਨਾਲ ਮਨ ਚੰਚਲ ਨਹੀਂ ਹੁੰਦਾ ਸਗੋਂ ਚੰਚਲ ਹੋਇਆ ਮਨ ਵੀ ਇਕਾਗਰ ਹੋ ਜਾਂਦਾ ਤੇ ਜੀਵ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ।

ਯਥਾ— **ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥** [ਦੇਵਗੰਧਾਰੀ ਮਹਲਾ ੯ ਅੰਗ ੫੩੬]

ਸੋ ਰਾਗ ਦਾ ਖੰਡਨ ਨਹੀਂ ਖੰਡਨ ਇਸ ਦੇ ਗਾਏ ਜਾਣ ਵਾਲੇ ਪ੍ਰਭੂ ਤੋਂ ਤੋੜਨ ਦੇ ਗੀਤਾਂ ਦਾ ਹੈ।

੧. **ਰਾਗੁ ਮਾਝ—**(ੳ) ਸੰ. ਮਧਜ ਵਿੱਚ ਭੀਤਰ **"ਮਾਝ ਬਨਾਰਸਿ ਗਾਊ ਰੇ"** [ਗਉੜੀ ਕਬੀਰ]। (ਅ) ਇੱਕ ਰਾਗ, ਜੋ ਸੰਪੂਰਨ ਜਾਤਿ ਦਾ ਹੈ, ਇਸ ਵਿੱਚ ਰਿਸ਼ਭ ਮੱਧਮ, ਪੰਚਮ ਅਤੇ ਧੈਵਤ ਸ਼ੁੱਧ, ਗਾਂਧਾਰ ਅਤੇ ਨਿਸ਼ਾਦ ਦੋਵੇਂ ਸ਼ੁੱਧ ਅਤੇ ਕੋਮਲ ਲਗਦੇ ਹਨ। ਗ੍ਰਹਿ ਸੁਰ ਅਤੇ ਵਾਦੀ ਸ਼ੜਜ, ਸੰਵਾਦੀ ਰਿਸਭ ਅਤੇ ਅਨੁਵਾਦੀ ਸਾਧਾਰ ਹੈ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਝ ਦਾ ਦੂਜਾ ਨੰਬਰ ਹੈ।

ਬਾਣੀ ਬਿਉਰੇ ਵਿੱਚ *ਬੁਧ ਪ੍ਰਕਾਸ਼ ਦਰਪਣ* ਦਾ ਹਵਾਲਾ ਦੇ ਕੇ ਲਿਖਿਆ ਹੈ :

**ਸਿਰੀ ਰਾਗ ਮਧ ਮਾਧਵੀ ਅਰ ਮਲਾਰ ਸੁਰ ਜਾਨ।**
**ਇਨ ਮਿਲ ਮਾਝ ਬਖਾਨਹੀ ਲੀਜੋ ਗੁਨਿਜਨ ਮਾਨ।**

੨. **ਰਾਗ ਗੂਜਰੀ**—ਗੂਜਰੀ ਰਾਗਨੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜਵਾਂ ਅਸਥਾਨ ਹੈ। [ਸੰ: ਦੇਸ਼ ਭਾਸ਼ਾ] ਗੂਜਰੀ ਇਕ ਰਾਗਨੀ ਦਾ ਨਾਮ ਹੈ। ਗੁਰਮਤਿ ਸੰਗੀਤ ਅਨੁਸਾਰ ਇਹ ਦੀਪਕ ਦੀ ਰਾਗਨੀ ਹੈ।

**'ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ'** [ਅੰਗ ੧੪੩੦]

ਭੈਰਵ ਅਤੇ ਰਾਮਕਲੀ ਮਿਲ ਕੇ ਗੂਜਰੀ ਬਣਦੀ ਹੈ, ਦੀਪਕ ਦੀ ਛਾਯਾ ਸਮੇਤ ਹੈ, ਪੰਤੂ ਹੋਰਨਾਂ ਮੱਤਾਂ, ਜੇਹਾ ਕਿ ਸ਼ਿਵ ਮੱਤ ਅਤੇ ਕਾਲੀ ਨਾਥ ਮੱਤ ਵਿਚ, ਭੈਰਵ ਦੀ ਰਾਗਨੀ ਅਤੇ ਸਿਧ ਸਾਰਸਤ ਦੇ ਮੱਤ ਵਿਚ ਮਾਲਕੌਸ ਦੀ ਰਾਗਨੀ ਅਤੇ ਰਾਗਾਣਵ ਦੇ ਮੱਤ ਪੰਚਮ ਦੀ ਰਾਗਨੀ ਹੈ ਤੇ ਮੇਲ ਵੀ ਲਲਿਤ ਅਤੇ ਰਾਮਕਲੀ ਦਾ ਮੰਨਿਆ ਹੈ ਕਿਸੇ ਨੇ ੭ ਭੇਦ ਮੰਨੇ ਹਨ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ [ਲਗਪਗ ਅੱਠ ਵਜੇ] ਹੈ।

PDF created with pdfFactory Pro trial version www.pdffactory.com

**ਵਾਦੀ** — ਧੁ/ਥਾਟ-ਟੋਡੀ/ਸਮਾਂ-ਦਿਨ ਦਾ ਪਹਿਲਾ ਪਹਿਰ [ਲਗਪਗ ਅੱਠ ਵਜੇ]।
**ਸੰਵਾਦੀ** — ਗੁ/ਜਾਤੀ-ਖਾੜਵ/ਵਿਸ਼ੇਸ਼-ਇਸ ਵਿਚ 'ਰੇ ਗਾ ਧਾ' ਸੁਰ ਅਤੀ ਕੋਮਲ ਲਗਦੇ ਹਨ।
**ਆਰਗਿ** — ਸ ਰੁ ਗੁ, ਮੱ ਧੁ, ਨ ਸਂ।
**ਅਵਰੋਹ** — ਸਂ, ਨ ਧੁ, ਮੱ ਗੁ, ਰੁ ਸ।
**ਪਕੜ** — ਨ ਸ, ਰੁ ਗੁ ਮੱ ਧੁ, ਮੱ ਗੁ, ਰੁ ਗੁ ਰੁ, ਸ।

੩. **ਰਾਗ ਦੇਵਗੰਧਾਰੀ**—[ਸੰ: ਦੇਸ਼ ਭਾਸ਼ਾ] ਦੇਵ ਗੰਧਾਰੀ ਇਕ ਰਾਗਨੀ ਦਾ ਨਾਮ ਹੈ। ਇਹ ਰਾਗਨੀ ਗੁਰਮਤਿ ਸੰਗੀਤ ਅਨੁਸਾਰ ਮਾਲਕੌਂਸ ਦੀ ਰਾਗਨੀ ਹੈ।**—ਗੋਂਡਕਰੀ ਅਰੁ ਦੇਵਗੰਧਾਰੀ [ਅੰਗ ੧੪੩੦]** ਗੌਰੀ, ਸੁਧ, ਆਸਾਵਰੀ, ਭੈਰੋਂ, ਦੇਵ ਗਿਰੀ ਦੇ ਮੇਲ ਕਰਕੇ ਦੇਵਗੰਧਾਰੀ ਬਣਦੀ ਹੈ। ਪ੍ਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕਿ ਨ੍ਰਿਤਯ ਨਿਰਣੇ ਵਿਚ ਸਿਰੀਰਾਗ ਦਾ ਪੁੱਤ੍ਰ ਲਿਖਿਆ ਹੈ ਅਤੇ ਕਾਲੀਨਾਥ ਮੱਤ ਵਿਚ ਸਿਰੀ ਰਾਗੁ ਦੀ ਰਾਗਨੀ ਹੈ ਅਤੇ ਮਾਨ ਕੰਤੂਹਲ ਵਿਚ ਸ਼ੁਧ [ਖਾਲਸ] ਰਾਗ ਦੇਵ ਗੰਧਾਰ ਮੰਨਿਆ ਹੈ। ਇਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇਵਾਂ ਨੰਬਰ ਹੈ।

**ਵਾਦੀ** — ਧੁ/ਥਾਟ=ਆਸਾਵਰੀ/ਸਮਾਂ-ਦਿਨ ਦਾ ਪਹਿਲਾ ਪਹਿਰ [ਅੱਠ ਨੌਂ ਵਜੇ]।
**ਸੰਵਾਦੀ** — ਗੁ/ਜਾਤੀ=ਸੰ: ਸੰਪੂਰਣ/ਵਿਸ਼ੇਸ਼='ਧਾ ਮਾ' ਤੇ 'ਪਾ ਗਾ' ਦੀ ਸੁਰ ਸੰਗਤੀ।
**ਆਰੋਹ** — ਸ, ਰ ਗ ਮ, ਪ ਧੁ, ਨੁ ਸ।
**ਅਵਰੋਹ** — ਸ, ਨੁ ਧੁ, ਪ, ਧੁ ਮ, ਪ ਗੁ ਰ ਸ।
**ਪਕੜ** — ਸ, ਰ ਗ, ਮ, ਧੁ-ਪ, ਧੁ ਮ, ਪ ਗੁ ਰ ਸ।

੪. **ਰਾਗ ਬਿਹਾਗੜਾ**—[ਸੰ: ਦੇਸ਼ ਭਾਸ਼ਾ] ਬਿਹਾਗੜਾ ਇਕ ਰਾਗ ਦਾ ਨਾਮ ਹੈ, ਇਹ ਗੁਰਮਤਿ ਸੰਗੀਤ ਵਿਚ ਭਿੰਨ ਰਾਗ ਹੈ। ਕੇਦਾਰੇ ਨਾਲ ਗੌੜੀ ਤੇ ਥੋੜ੍ਹਾ ਜਿਹਾ ਸਿਆਮ ਮਿਲੇ ਤਾਂ ਬਿਹਾਗੜਾ ਹੁੰਦਾ ਹੈ। ਪਰੰਤੂ ਹੋਰਨਾਂ ਮੱਤਾਂ ਵਿਚ, ਜੇਹਾ ਕੁ ਕਾਲੀ ਨਾਥ ਮੱਤ ਵਿਚ ਭੈਰਵ ਦੀ ਰਾਗਨੀ ਹੈ, ਭਰਤ ਮੱਤ ਵਿਚ ਦੀਪਕ ਦਾ ਪੁੱਤਰ ਹੈ, ਇਸੇ ਤਰ੍ਹਾਂ ਹੀ ਸੁਰਤਾਲ ਵਿਚ ਸਿਰੀ ਰਾਗ ਦਾ ਪੁੱਤਰ ਲਿਖਿਆ ਹੈ, ਮੇਲ ਵੀ ਹੋਰ ਹਨ, ਜੇਹਾ ਕੁ ਕੇਦਾਰਾ, ਮਾਰਵਾ, ਸਰਸ੍ਵਤੀ ਦੇ ਮਿਲਿਆਂ ਦਾ ਬਿਹਾਗ ਬਣਦਾ ਹੈ ਅਤੇ ਜਿਸ ਰਾਗ ਨਾਲ ਮਿਲੇ ਉਸੇ ਰਾਗ ਦਾ ਬਿਹਾਗੜਾ ਬਣਦਾ ਹੈ, ਜਿਸ ਤਰ੍ਹਾਂ ਪੰਚਮ ਬਿਹਾਗੜਾ, ਸੰਕਰੌਨ ਬਿਹਾਗੜਾ ਆਦਿ। ਇਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੱਤਵਾਂ ਅਸਥਾਨ ਹੈ।

**ਵਾਦੀ** — ਗ/ਥਾਟ-ਬਿਲਾਵਲ/ਸਮਾਂ-ਰਾਤ ਦਾ ਦੂਜਾ ਪਹਿਰ।
**ਸੰਵਾਦੀ** — ਨ/ਜਾਤੀ-ਓਡਵ ਸੰਪੂਰਨ/ਵਿਸ਼ੇਸ਼=ਦੋਹਾਂ ਨਿਖਾਦਾਂ ਦਾ ਪ੍ਰਯੋਗ।
**ਆਰੋਹ** — ਮ ਸ ਗ, ਮ ਪ ਨ, ਸ
**ਅਵਰੋਹ** — ਸਂ ਨ, ਧ ਪ, ਧ ਨੁ ਧ ਪ ਮ ਗ, ਰ ਸ।
**ਪਕੜ** — ਸ ਗ, ਮਪ, ਧਨੁ ਧਪ, ਧ[ਪ] ਗ ਗ-ਸ

੫. **ਰਾਗੁ ਵਡਹੰਸੁ**—[ਸੰ:] ਵਡਹੰਸ ਇਕ ਰਾਗ ਹੈ। ਇਹ ਗੁਰਮਤਿ ਸੰਗੀਤ ਅਨੁਸਾਰ ਭਿੰਨ ਰਾਗ ਹੈ। ਮਾਰੂ, ਗੌਰਾਨੀ, ਦੁਰਗਾ ਧਨਾਸਰੀ, ਜੈਤੀ ਦੇ ਮਿਲਣ 'ਤੇ ਵਡਹੰਸ ਬਣਦਾ ਹੈ। ਪ੍ਰਾਣੀ ਦੇ ਚਲਾਣੇ ਪਰ ਵਡਹੰਸ ਤੇ ਮਾਰੂ ਰਾਗ ਹੀ ਗਾਵੀਦੇ ਹਨ। ਪਰੰਤੂ ਹੋਰਨਾਂ ਮੱਤਾਂ ਵਿਚ ਨਹੀਂ ਗਾਂਵਦੇ। ਭਰਤ ਮੱਤ ਵਿਚ ਸਿਰੀ ਰਾਗ ਦਾ ਪੁੱਤਰ ਹੈ। ਸ਼ਿਵ ਮੱਤ ਵਿਚ ਪੰਚਮ ਦੀ ਰਾਗਨੀ ਹੈ। ਰਾਗਾਰਣਵ ਵਿਚ ਮੇਘ ਦੀ ਰਾਗਨੀ ਹੈ, ਸੁਰਤਾਲ ਸਮੂਹ ਵਿਚ ਮਾਲਕੌਂਸ ਦਾ ਪੁੱਤਰ ਹੈ ਅਤੇ ਮੇਲ ਵੀ ਹੋਰ ਹੀ ਹਨ, ਜਿਹਾ ਕੁ ਦੇਵਗਿਰੀ, ਗੌਰੀ, ਮਾਲਵ ਸੰਕੀਰਣ, ਧਨਾਸਰੀ ਮਿਲੇ ਤੇ ਵਡਹੰਸ ਬਣਦਾ ਹੈ। ਇਹ ਵਡਹੰਸੁ ਸਾਰੰਗ ਦਾ ਭੇਦ ਲਿਖਿਆ ਹੈ। ਵਡਹੰਸ ਅਤੇ ਬਡਹੰਸਕਾ ਇੱਕੋ

PDF created with pdfFactory Pro trial version www.pdffactory.com

ਦਾ ਨਾਮ ਹੈ। ਗੁਰਮਤਿ ਸੰਗੀਤ ਵਿਚ ਵਡਹੰਸੁ ਦੱਖਣੀ ਵੀ ਹੈ, ਹੋਰਨਾਂ ਵਿਚ ਨਹੀਂ। ਇਸ ਰਾਗ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੱਠਵਾਂ ਅਸਥਾਨ ਹੈ।

**ਵਾਦੀ** — ਸ/ਥਾਟ-ਖਮਾਜ/ਸਮਾਂ-ਦਿਨ ਦਾ ਦੂਜਾ ਪਹਿਰ।
**ਸੰਵਾਦੀ** — ਪ/ਜਾਤੀ-ਓਡਵ ਸੰਪੂਰਣ/ਵਿਸ਼ੇਸ਼='ਰੇ ਪਾ' ਦੀ ਸੁਰ ਸੰਗਤਿ ਅਤੇ ਅਵਰੋਹ ਵਿਚ।
**ਆਰੋਹ** — ਸ, ਰ ਮ ਪ, ਨ ਸ। ਗੰਧਾਰ ਸੁਰ ਪ੍ਰਬਲ ਰਹੇਗਾ।
**ਅਵਰੋਹ** — ਮ ਨੁ ਪ, ਧ ਪ ਮ ਗ ਰ ਨ, ਸ।
**ਪਕੜ** — ਰਮ ਮ ਪ, ਮ ਪ ਧ ਪ ਮਗ ਸ, ਪ ਨ ਸ, ਰਪ, ਮਗ, ਰ ਨਸ ਸ।

੬. **ਰਾਗੁ ਸੋਰਠਿ**—ਸੰ: ਸੰਸਕ੍ਰਿਤ। ੧. ਇਕ ਰਾਗਣੀ ਦਾ ਨਾਉਂ ਹੈ। ਸਿੰਧਵੀ, ਕਾਨੜਾ, ਕਾਫੀ ਮਲਾਰ ਦੇ ਮੇਲ ਤੋਂ ਬਣਦੀ ਹੈ, ਗੁਰਮਤਿ ਸੰਗੀਤ ਵਿਚ ਮੇਘ ਦੀ ਇਸਤ੍ਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਨੌਂਵਾਂ ਨੰਬਰ ਹੈ।

**ਵਾਦੀ** — ਰ/ਥਾਟ=ਖਮਾਜ/ਸਮਾਂ=ਰਾਤ ਦਾ ਦੂਜਾ ਪਹਿਰ।
**ਸੰਵਾਦੀ** — ਧ/ਜਾਤੀ=ਓਡਵ ਸੰਪੂਰਨ/ਵਿਸ਼ੇਸ਼=ਰੰ-ਨੁ ਤੇ ਧ ਮੋ, ਦੀ ਸੁਰ ਸੰਗਤੀ।
**ਆਰੋਹ** — ਸ, ਰਮ, ਮ ਪ, ਨ ਸ
**ਅਵਰੋਹ** — ਸਨੁ ਧ ਪ, ਧਮ ਰਗ ਸ।
**ਪਕੜ** — ਮ ਪ ਨ, ਸੰ ਰੰ-ਨੁ ਧ ਪ, ਧ-ਮ ਮ ਰ, ਨ, ਸ।

੭. **ਰਾਗ ਧਨਾਸਰੀ**—ਸੰ:। ਸੰਸਕ੍ਰਿਤ ਧਨਾਸਰੀ] ਇਕ ਰਾਗਨੀ ਦਾ ਨਾਮ ਹੈ। ਇਹ ਰਾਗਨੀ ਗੁਰਮਤਿ ਸੰਗੀਤ ਵਿਚ ਮਾਲਕੌਂਸ ਦੀ ਰਾਗਨੀ ਹੈ **'ਧਨਾਸਰੀ ਏ ਪਾਚਉ ਗਾਈ' [ਅੰਗ ੧੪੩੦]** ਆਸਾਵਾਰੀ ਤੇ ਮਾਲਵਾ ਮਿਲ ਕੇ ਮਾਲਕੌਂਸ ਦੀ ਛਾਇਆ ਸਮੇਤ ਹੈ। ਪਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕੁ ਕਾਲੀ ਨਾਥ ਮੱਤ ਵਿਚ ਮੇਘ ਦੀ ਰਾਗਨੀ ਹੈ, ਸੁਰ ਤਾਲ ਸਮੂਹ ਵਿਚ ਮਾਲ ਕੌਂਸ ਦੀ ਨੂੰਹ ਲਿਖੀ ਹੈ। ਨਾਦ ਬਿਨੋਦ ਵਿਚ ਦੀਪਕ ਦੀ ਰਾਗਨੀ ਲਿਖੀ ਹੈ। ਹੋਰ ਮੁਲਤਾਨੀ ਧਨਾਸਰੀ ਪਹਾੜੀ ਸੰਕੀਰਣ ਦੇ ਮੇਲ ਕਰਕੇ ਹੁੰਦੀ ਹੈ। ਆਸਾ ਮਾਰੂ ਮਿਲੇ ਤਾਂ ਜੈਤਸਿਰੀ ਟੰਕਾਰ='ਧਨਾਸਰੀ ਧਨਵੰਤੀ ਜਾਣੀਐ' [ਅੰਗ ੧੪੧੯] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਦਸਵਾਂ ਨੰਬਰ ਹੈ।

**ਵਾਦੀ** — ਪ/ਥਾਟ=ਕਾਫੀ/ਸਮਾਂ=ਦਿਨ ਦਾ ਤੀਜਾ ਪਹਿਰ।
**ਸੰਵਾਦੀ** — ਸ/ਜਾਤੀ=ਓਡਵ ਸੰਪੂਰਣ/ਵਿਸ਼ੇਸ਼=ਪਾ ਗਾ ਦੀ ਸੁਰ ਸੰਗਤੀ।
**ਆਰੋਹ** — ਅਵਰੋਹ=[ਕਾਫੀ ਥਾਟ] ਸ, ਗੁ ਮ ਪ, ਨੁ ਸੰ। ਸੰ, ਨੁ ਧ ਪ, ਮ ਗੁ, ਰ ਸ
**ਅਵਰੋਹ** — [ਭੈਰਵੀ ਥਾਟ] ਸ, ਗ ਮ ਪ, ਨੁ ਸੰ। ਸੰ ਨੁ ਧੁ ਪੁ ਮ ਗੁ, ਰੁ ਸ।
**ਪਕੜ** — ਸ, ਨੁ ਸ ਗੁ ਮ ਪ, ਨ, ਧ ਪ ਗ, ਪ ਗੁ ਰ ਸ ਨੁ, ਸ।

੮. **ਰਾਗ ਜੈਤਸਰੀ**—[ਸੰ: ਸੰਸਕ੍ਰਿਤ, ਜਯਤ। ਸ੍ਰੀ। ਯਾ ਜਯੰਤੀ] ਇਹ ਇਕ ਰਾਗਨੀ ਦਾ ਨਾਉਂ ਹੈ। ਇਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਿਆਰ੍ਹਵਾਂ ਅਸਥਾਨ ਹੈ। ਗੁਰਮਤਿ ਸੰਗੀਤ ਅਨੁਸਾਰ ਭਿੰਨ ਰਾਗਨੀ ਹੈ। ਦੇਸੀ, ਟੋਡੀ, ਗਉੜੀ ਤੇ ਵਿਭਾਸ ਮਿਲੇ ਤੇ ਬਣਦੀ ਹੈ, ਪੰਤੂ ਹੋਰਨਾਂ ਮੱਤਾਂ ਵਿਚ ਜੇਹਾ ਕੁ ਭਰਤ ਮੱਤ ਵਿਚ ਮਾਲ ਕੌਂਸ ਦੀ ਰਾਗਨੀ ਹੈ। ਕਈ ਕਹਿੰਦੇ ਹਨ ਕਿ ਦੇਸ਼ ਕਾਰ ਦੀ ਰਾਗਨੀ ਹੈ, ਪਰ ਇਹ ਗਲਤ ਹੈ।

**ਵਾਦੀ** — ਪ/ਥਾਟ=ਪੂਰਵੀ/ਸਮਾਂ=ਸ਼ਾਮ ਦਿਨ ਦਾ ਚੌਥਾ ਪਹਿਰ।
**ਸੰਵਾਦੀ** — ਸ/ਜਾਤੀ=ਓਡਵ ਸੰਪੂਰਣ/ਵਿਸ਼ੇਸ਼='ਗ-ਪ' ਤੇ ਰੁ-ਨ ਸੁਰ ਸੰਗਤੀ।
**ਆਰੋਹ** — ਸ, ਗ, ਮੱ ਧ, ਨ ਸੰ, ਜਾਂ ਨ ਸ, ਗ ਪ, ਮੱ ਧੁ ਪ, ਨ ਸੰ।
**ਅਵਰੋਹ** — ਸ, ਰੁੰਨ, ਧੁਮ, ਮੱ ਗ ਮੱਗ, ਪ ਗ, ਰੁਸ।
**ਪਕੜ** — ਨ ਸ, ਗ ਪ, ਮੱ ਧੁ ਪ, ਨ ਰੁ ਨ ਧੁ, ਪ, ਮੱ ਗ, ਪ ਗ, ਰੁ ਸ

PDF created with pdfFactory Pro trial version www.pdffactory.com

੯. **ਰਾਗੁ ਟੋਡੀ**—[ਸੰ: ਦੇਸ਼ ਭਾਸ਼ਾ] ਗੁਰਮਤਿ ਸੰਗੀਤ ਵਿਚ ਦੀਪਕ ਦੀ ਰਾਗਨੀ ਹੈ। **'ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ' [ਅੰਗ ੧੪੩੦]** ਆਸਾਵਰੀ ਤੇ ਆਸਾ ਦੇ ਮੇਲ ਤੋਂ ਬਣਦੀ ਹੈ, ਦੀਪਕ ਦੀ ਛਾਯਾ ਸਮੇਤ ਹੈ। ਪਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕਿ ਭਰਤ ਅਤੇ ਹਨਵੰਤ ਮੱਤ ਵਿਚ ਮਾਲ ਕੌਂਸ ਦੀ ਰਾਗਨੀ ਹੈ। ਸਿਵ ਮੱਤ ਅਤੇ ਸਿਧ ਸਾਰਸੁਤ ਦੇ ਮੱਤ ਵਿਚ ਬਸੰਤੁ ਦੀ ਰਾਗਨੀ ਨਾਦ ਬਿਨੋਦ ਵਿਚ ਭੈਰਉ ਦੀ ਰਾਗਨੀ ਲਿਖੀ ਹੈ ਅਤੇ ਮੇਲ ਵੀ ਹੋਰ ਹੀ ਲਿਖੇ ਹਨ। ਇਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰ੍ਹਵਾਂ ਨੰਬਰ ਹੈ।

**ਵਾਦੀ** — ਧੁ/ਥਾਟ-ਟੋਡੀ/ਸਮਾਂ=ਦਿਨ ਦਾ ਦੂਜਾ ਪਹਿਰ, ਅੱਠ ਨੌਂ ਵਜੇ।
**ਸੰਵਾਦੀ** — ਗੁ/ਜਾਤੀ=ਸੰਪੂਰਣ/ਵਿਸ਼ੇਸ਼='ਰੇ ਗਾ ਧਾ' ਸੁਰ ਅਤੀ ਕੋਮਲ ਲਗਦੇ ਹਨ।
**ਆਰੋਹ** — ਸ, ਰੁ ਗੁ, ਮੱ ਪ, ਧ, ਨ ਸ।
**ਅਵਰੋਹ** — ਸ, ਨ ਧੁ, ਪੁ, ਮੱ ਗੁ, ਰੁ ਗੁ, ਰੁ, ਸ।
**ਪਕੜ** — ਧੁਨ-ਨਸ, ਨਸ ਰ ਗੁ, ਮ ਰੁ ਗੁ, ਰੁ ਗੁ ਰੁ, ਸ।

੧੦. **ਰਾਗੁ ਬੈਰਾੜੀ**— [ਸੰ: ਦੇਸ਼ ਭਾਸ਼ਾ] ਇਹ ਰਾਗਨੀ ਗੁਰਮਤਿ ਸੰਗੀਤ ਵਿਚ ਸਿਰੀਰਾਗੁ ਦੀ ਰਾਗਨੀ ਹੈ। ਸਾਰੰਗ ਅਤੇ ਸਿਰੀਰਾਗ ਮਿਲ ਕੇ ਬੈਰਾੜੀ ਹੁੰਦੀ ਹੈ। ਪ੍ਰੰਤੂ ਹੋਰਨਾਂ ਮੱਤਾਂ ਵਿਚ ਜਿਹਾ ਕੁ ਸਿੱਧ ਸਾਰਸੁਤ ਦੇ ਮੱਤ ਵਿਚ ਮਾਲਕੌਂਸ ਦੀ ਰਾਗਨੀ ਹੈ। ਸਿਵ ਮੱਤ ਵਿਚ ਬਸੰਤ ਦੀ ਰਾਗਨੀ ਹੈ। ਕਾਲੀ ਨਾਥ ਮੱਤ ਵਿਚ ਪੰਚਮ ਦੀ ਰਾਗਨੀ ਹੈ। ਭਰਤ ਅਤੇ ਹਨੂਮਾਨ ਮੱਤ ਵਿਚ ਭੈਰਵ ਦੀ ਰਾਗਨੀ ਹੈ। ਮੇਲ ਭੀ ਹੋਰ-ਹੋਰ ਹਨ। **ਬੈਰਾਰੀ ਕਰਨਾਟੀ ਧਰੀ** [ਅੰਗ ੧੪੩੦]

ਇਸ ਰਾਗਨੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੇਰ੍ਹਵਾਂ ਨੰਬਰ ਹੈ।

**ਵਾਦੀ** — ਗ/ਥਾਟ=ਮਾਰਵ/ਸਮਾਂ=ਦਿਨ ਦਾ ਚੌਥਾ ਪਹਿਰ [ਸ਼ਾਮ ਵੇਲਾ]।
**ਸੰਵਾਦੀ** — ਧ/ਜਾਤੀ=ਵੱਕ੍ਰ-ਸੰਪੂਰਣ/ਵਿਸ਼ੇਸ਼=ਗ ਪ, ਸ ਪ ਤੇ ਨ ਪ ਦੀ ਸੁਰ ਸੰਗਾਤੀ।
**ਆਰੋਹ** — ਸ਼, ਨ ਰੁ, ਗ ਪ, ਮੱਗ, ਮੱਧ ਸੰ।
**ਅਵਰੋਹ** — ਸੰ, ਰੁੰ ਨ ਪ, ਪ ਧ ਗ, ਮੱ ਧ ਮੱ ਗ, ਪ ਗ, ਰੁ ਸ।
**ਪਕੜ** — ਪ, ਧਗ, ਮੱਧ ਮੱਗ, ਮੱ ਰੁ ਗਂ, ਪ ਗ, ਰੁ ਸ।

## ਰਹਾਉ ਸ਼ਬਦ ਵਾਰੇ ਵਿਚਾਰ

**ਰਹਾਉ** : ਰਹਿਣ ਦਾ ਭਾਵ, ਇਸਥਿਤ, ਵਿਸ਼ਰਾਮ, ਸੂਰ, ਪਾਠ ਦੀ ਧਾਰਨਾ, ਟੇਕ, ਸਥਾਈ, ਟਿਕੋ, ਅਟਕੋ, ਪ੍ਰਮੇਸ਼ਰ ਨੇ ਹੀ ਰਹਿਣਾ ਹੈ, ਬਾਕੀ ਸਭ ਨੇ ਚਲੇ ਜਾਣਾ ਹੈ। ਹਿਰਦੇ ਰੂਪ ਖੇਤ ਵਿਚ ਨਾਮ [ਰਹਾਉ] ਬੀਜਣਾ ਕਰੋ [ਰ] ਨਾਮ ਹੈ ਰਮੇ ਹੋਏ ਦਾ [ਹਾ] ਨਾਮ ਹੈ ਪ੍ਰਗਟ ਦਾ ਤੇ [ੳ] ਨਾਮ ਓਅੰਕਾਰ ਦਾ। ਜਿਹੜਾ ਸਾਰੇ ਰਮਿਆ ਹੋਇਆ ਹੈ, ਪ੍ਰਗਟ ਹੈ ਤੇ ਓਅੰਕਾਰ ਰੂਪ ਹੈ। ਉਸ ਵਿਚ ਮਨ ਨੂੰ ਟਿਕਾਉ। [ਰਹਾਉ] ਰਹਿ ਆਵੇ, ਜਿਸ ਵਿਚ ਬਿਰਤੀ ਇਸਥਿਤ ਹੋ ਜਾਵੇ। ਵਾ ਬਿਰਤੀ ਨੂੰ ਇਸ ਵਿਚ ਟਿਕਾ ਕੇ ਰੱਖੋ। [ਰਹਾਉ] ਸਨਾਭੀ ਟੀਕੇ ਦਾ ਅਰਥ ਪੰਡਤ ਕਰਦੇ ਹਨ। ਜਿਵੇਂ ਨਾਭੀ ਪੇਟ ਦੇ ਵਿਚਾਲੇ ਹੁੰਦੀ ਹੈ, 'ਵਾ' ਗੱਡੇ ਦੇ ਪਹੀਏ ਦੀ ਨਾਭੀ ਵਾਂਗ ਜਿਸ ਦੇ ਉਦਾਲੇ ਸਾਰਾ ਪਹੀਆ ਘੁੰਮਦਾ ਹੈ।

ਇਸ ਪ੍ਰਕਾਰ [ਰਹਾਉ] ਵਾਲੀਆਂ ਤੁਕਾਂ ਵਿਚ ਜਾਂ ਤਾਂ ਸ਼ਬਦ ਵਿਚ ਆਏ ਪ੍ਰਸ਼ਨ ਦਾ ਉੱਤਰ ਹੁੰਦਾ ਹੈ ਜਾਂ ਪ੍ਰਸ਼ਨ ਕੀਤੇ ਹੁੰਦੇ ਹਨ। ਅਥਵਾ 'ਰਹਾਉ' ਦੀਆਂ ਤੁਕਾਂ ਵਿਚ ਸਾਰੇ ਸ਼ਬਦ ਦਾ ਸਿਧਾਂਤ ਹੁੰਦਾ ਹੈ। ਬਾਕੀ ਸਾਰੇ ਸ਼ਬਦ ਵਿਚ ਉਹਨਾਂ ਤੁਕਾਂ ਦਾ ਟੀਕਾ ਭਾਵ ਅਰਥ ਹੁੰਦਾ ਹੈ। ਰਹਾਉ ਤੋਂ ਅਰਥ ਚੁੱਕਿਆਂ ਬਿਵਸਥਾ ਠੀਕ ਲਗਦੀ ਹੈ। ਰਹਾਉ ਸੰਗੀਤ ਅਤੇ ਕਾਵਯ ਦੋਹਾਂ ਨਾਲ ਸੰਬੰਧ ਰਖਦਾ ਹੈ, ਨਿਰਾ ਸੰਗੀਤ ਨਾਲ ਹੀ ਨਹੀਂ। ਇਉਂ ਸਨਾਭੀ ਟੀਕਾ ਭੀ ਇਸ ਦਾ ਨਾਮ ਹੈ। ਇਸ ਪਦ ਦੇ ਬੇਅੰਤ ਅਰਥ ਹਨ।

PDF created with pdfFactory Pro trial version www.pdffactory.com

ਰਾਗੀਆਂ ਦੇ ਗਾਉਣ ਵਾਸਤੇ ਗੀਤ ਦਾ ਪਹਿਲਾ ਪਦ, ਸਥਾਈ, ਟੇਕ ਜਾਂ ਰਹਾਉ ਕਹੀਦਾ ਹੈ। ਗੀਤ ਦੇ ਗਾਉਣ ਦੇ ਚਾਰ ਹਿੱਸੇ ਹੁੰਦੇ ਹਨ। ੧. ਅਸਥਾਈ, ੨. ਸੰਚਾਈ ੩. ਅੰਤਰਾ, ੪. ਭੋਗ ਅਤੇ ਅੱਗੇ ਛਿਆਨਵੇਂ ਪ੍ਰਕਾਰ ਦੇ ਪਦ ਭੇਦ ਹਨ। ਪਰ ਆਮ ਵਰਤੋਂ ਸਥਾਈ ਤੇ ਅੰਤਰੇ ਦੀ ਹੁੰਦੀ ਹੈ। ਅੰਤਰੇ ਦੀ ਹਰ ਪੰਕਤੀ ਦੇ ਮਗਰੋਂ ਸਥਾਈ ਦੀ ਤੁਕ ਮੁੜ-ਮੁੜ ਕੇ ਰਹਿ-ਰਹਿ ਕੇ ਗਾਉਂਦੇ ਹਨ। ਕਿਉਂਕਿ ਉਸ ਵਿਚ ਗੀਤ ਦਾ ਮੁੱਖ ਸਿਧਾਂਤ ਹੁੰਦਾ ਹੈ ਇਸ ਕਰਕੇ ਇਸ ਨੂੰ ਰਹਾਉ ਕਹੀਦਾ ਹੈ ਕਿ ਇਸ ਨੂੰ ਇਸ ਟੇਕ 'ਤੇ ਗਾਉ। ਕਈ ਸ਼ਬਦਾਂ ਵਿਚ ਇਕ ਤੋਂ ਵੱਧ ਰਹਾਉ ਵੀ ਹਜ਼ੂਰ ਨੇ ਉਚਾਰੇ ਹਨ। ਇਹੋ ਜਿਹੇ ਸ਼ਬਦਾਂ ਦਾ ਕੀਰਤਨ ਕਰਨ ਲੱਗਿਆਂ ਰਾਗੀ ਸਿੰਘ ਦੀ ਮਰਜ਼ੀ ਹੈ ਕਿ ਜਿਸ ਰਹਾਉ 'ਤੇ ਚਾਹੇ ਗਾਵੇ। ਜਿਵੇਂ ੮੧ ਅੰਗ 'ਤੇ ਸਿਰੀਰਾਗੁ ਮਹਲਾ ੪ ਵਣਜਾਰਾ ਵਿਚ 'ਛੇ' ਰਹਾਉ ਹਨ ਅਤੇ ਮਾਝ ਮਹਲਾ ੫ ਚਉਪਦੇ ਘਰੁ ੧ **'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ'॥** ਵਿਚ [ਅੰਗ ੯੬] ਚਾਰ ਰਹਾਉ ਹਨ।

ਸਤਿਗੁਰੂ ਜੀ ਨੇ ਕਈ ਕੁ ਵੱਡੀਆਂ-ਵੱਡੀਆਂ ਬਾਣੀਆਂ ਵਿਚ ਕੇਵਲ ਇੱਕੋ ਇੱਕ ਰਹਾਉ ਹੀ ਉਚਾਰਿਆ ਹੈ ਜਿਵੇਂ ਸੁਖਮਨੀ ਸਾਹਿਬ ਵਿਚ **'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥**

ਦਖਣੀ ਓਅੰਕਾਰ ਵਿਚ

**'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥**
**ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ਰਹਾਉ॥** [ਅੰਗ ੯੩੦]

ਸਿਧ ਗੋਸਟਿ ਵਿਚ

**'ਕਿਆ ਭਵੀਐ ਸਚਿ ਸੂਚਾ ਹੋਇ॥**
**ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ਰਹਾਉ॥** [ਅੰਗ ੯੩੮]

ਰਹਾਉ ਦੂਜਾ : ਇਕ ਸ਼ਬਦ ਵਿਚ ਜਿਥੇ ਸਥਾਈ ਲਈ ਦੋ ਤੁਕਾਂ ਰਚੀਆਂ ਉਥੇ ਇਹ ਪਦ ਵਰਤਿਆਂ ਹੈ। ਗਾਉਣ ਵਾਲੇ ਦੀ ਮਰਜ਼ੀ ਹੈ ਦੋਹਾਂ ਵਿਚੋਂ ਜਿਸ ਟੇਕ ਨੂੰ ਚਾਹੇ ਵਰਤੇ। ਜੈਸੇ ਸੋਰਠਿ ਰਾਗ ਦੀਆਂ ਅਸਟਪਦੀਆਂ ਵਿਚ ਅੰਗ ੬੪੧ 'ਤੇ 'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ' ਵਾਲੇ ਸ਼ਬਦ ਵਿਚ ਦੋ ਰਹਾਉ ਹਨ।

ਯਥਾ— **੧. 'ਤੇਰੋ ਸੇਵਕੁ ਇਹ ਰੰਗਿ ਮਾਤਾ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ;**
**ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥** [ਅੰਗ ੬੪੨]

**੨. ਰਾਗੁ ਸੋਰਠਿ ਮਹਲਾ ੫॥ ਦਹ ਦਿਸ ਛਤ੍ਰ ਮੇਘ ਘਟਾ ਘਟ; ਦਾਮਨਿ ਚਮਕਿ ਡਰਾਇਓ॥**
**ਸਰਬ ਗੁਨਾ ਨਿਧਿ ਰਾਇਓ॥ ਰਹਾਉ ਦੂਜਾ॥** [ਅੰਗ ੬੨੪]

**੩. ਸਫਲ ਸਫਲ ਭਈ ਸਫਲ ਜਾਤ੍ਰਾ॥**
**ਆਵਣ ਜਾਣ ਰਹੇ ਮਿਲੇ ਸਾਧਾ॥੧॥ ਰਹਾਉ॥** [ਅੰਗ ੬੮੭]

## ਰਹਾਉ ਉਚਾਰਨ ਬਾਰੇ ਵਿਚਾਰ

ਜਿਥੇ ਵੀ ਗੁਰਬਾਣੀ ਵਿਚ॥੧॥ਰਹਾਉ॥ ਆਵੇ ਉਥੇ ਇਕ 'ਰਹਾਉ' ਨਹੀਂ ਸਗੋਂ ਨਿਰਾ ਰਹਾਉ ਹੀ ਪੜ੍ਹਨਾ ਹੈ। ਇਕ ਅੰਗ ਹੱਦਾਂ ਦੇ ਅੰਦਰ ਹੈ। ਏਕਾ ਰਹਾਉ ਦੀ ਤੁਕ ਦੀ ਗਿਣਤੀ ਦਾ ਵਾਚਕ ਹੁੰਦਾ ਹੈ। ਜੇ ਇਕ ਰਹਾਉ ਪੜ੍ਹੀਏ ਤਾਂ ਜਿਨ੍ਹਾਂ ਸ਼ਬਦਾਂ ਵਿਚ ਚਾਰ ਜਾਂ ਛੇ ਵਾਰੀ ਜਿਵੇਂ ਮਾਝ ਮਹਲਾ ੫ ਚਉਪਦੇ ਘਰੁ ੧ [ਅੰਗ ੯੬] ਸਿਰੀਰਾਗੁ ਮਹਲਾ ੪ ਵਣਜਾਰਾ [ਅੰਗ ੮੧] ਆਦਿ 'ਤੇ ਰਹਾਉ ਆਉਂਦਾ ਹੈ। ਉਹਨਾਂ ਨਾਲ ਤਰਤੀਬ ਵਾਰ ਅੰਕ ਵੀ ਚਾਰ ਜਾਂ ਛੇ ਤੱਕ ਆਉਣੇ ਚਾਹੀਦੇ ਹਨ। ਪਰ ਉਥੇ ਸਭ ਥਾਈਂ ਏਕਾ [॥੧॥] ਹੀ ਆਇਆ ਹੈ। ਇਸ ਵਾਸਤੇ ਇਕ ਰਹਾਉ ਨਹੀਂ ਕਹਿਣਾ।

PDF created with pdfFactory Pro trial version www.pdffactory.com

ਅਤੇ ਜਿਥੇ ਅੱਖਰਾਂ ਵਿਚ 'ਰਹਾਉ ਦੂਜਾ' ਆਵੇ ਉਥੇ 'ਰਹਾਉ ਦੂਜਾ' ਜ਼ਰੂਰ ਪੜ੍ਹਨਾ ਹੈ। ਜੇ ਹੁਕਮਨਾਮਾ ਆਵੇ ਤਾਂ 'ਰਹਾਉ ਦੂਜਾ' ਪੜ੍ਹ ਕੇ ਫਤਹ ਬੁਲਾਉਣੀ ਚਾਹੀਦੀ ਹੈ ਕਿਉਂਕਿ ਉਸ ਦਾ ਸਬੰਧ ਉਸੇ ਸ਼ਬਦ ਨਾਲ ਹੀ ਹੁੰਦਾ ਹੈ।

## ਮਹੱਲੇ ਸ਼ਬਦ ਬਾਰੇ ਵਿਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਪਹਿਲਾਂ "ਮਹਲਾ" ਪਦ ਅੰਗ ੮ 'ਤੇ ਆਇਆ ਹੈ। ਸਾਰੀ ਗੁਰਬਾਣੀ ਵਿਚ ਜਿਥੇ ਵੀ ਇਹ ਪਦ ਆਵੇ ਉਥੇ "ਮਹੱਲਾ" ਹੀ ਉਚਾਰਨ ਕਰਨਾ ਹੈ "ਮਹਲਾ" ਨਹੀਂ। ਕਿਉਂਕਿ "ਮਹੱਲਾ" ਪੁਲਿੰਗ ਸ਼ਬਦ ਹੈ ਅਤੇ ਉਚਾਰਨ ਵਿਚ ਮਹੱਲਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ, ਨਾਵਾਂ ਪੁਲਿੰਗ ਸ਼ਬਦ ਹੈ। ਜੋ ਲੋਕ ਇਸਨੂੰ ਮਹਿਲਾ ਉਚਾਰਦੇ ਹਨ ਤੇ ਭਾਵ ਇਸਤਰੀ ਦਾ ਲੈਂਦੇ ਹਨ ਕਿ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ਇਸਤਰੀ ਰੂਪ ਮੰਨ ਕੇ ਅਤੇ ਅਕਾਲ ਪੁਰਖ ਨੂੰ ਪਤੀ ਮੰਨ ਕੇ ਬਾਣੀ ਉਚਾਰਨ ਕੀਤੀ ਹੈ ਪਰ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਇਕ ਪਦ ਨੂੰ ਅਸੀਂ ਇਸਤਰੀ ਵਾਚਕ ਬਣਾ ਲਿਆ ਤੇ ਦੂਜੇ ਨੂੰ ਪੁਰਸ਼ ਵਾਚਕ। ਕਿਉਂਕਿ ਜੇ 'ਮਹਲਾ ਦਾ ਅਰਥ ਇਸਤਰੀ ਤਾਂ ਮਹਿਲਾ ਪਹਿਲੀ, ਦੂਜੀ, ਤੀਜੀ ਆਦਿ ਕਹਿਣਾ ਪਵੇਗਾ। ਜੇ ਐਸਾ ਨਹੀਂ ਕਰਦੇ ਤਾਂ ਫਿਰ ਉਹਨਾਂ ਦੀ ਤਾਂ ਐਸੀ ਗੱਲ ਹੈ ਕਿ ਜਿਵੇਂ ਕੋਈ ਕਹੇ "ਮੇਰੀ ਮਾਂ ਆਉਂਦਾ ਹੈ"। ਇਸ ਲਈ ਇਸਨੂੰ ਮਹਿਲਾ ਕਹਿਣਾ ਅਯੋਗ ਹੈ। ਮਹੱਲਾ ਉਚਾਰਨ ਕਰਨ ਨਾਲ ਹੀ ਅਰਥ ਸਪੱਸ਼ਟ ਹੁੰਦਾ ਹੈ। ਮਹੱਲਾ ਦਾ ਅਰਥ ਸੰਸਕ੍ਰਿਤ ਵਿਚ ਸਰੂਪ ਅਤੇ ਅਰਬੀ ਵਿਚ ਪਾਤਸ਼ਾਹ ਹੈ। ਭਾਸ਼ਾਵਾਂ ਅਨੁਸਾਰ ਅਰਥ ਸਹੀ ਬਣਦਾ ਹੈ। ਸੰਸਕ੍ਰਿਤ ਅਨੁਸਾਰ ਪ੍ਰਮੇਸ਼ਰ ਦਾ ਪਹਿਲਾ ਸਰੂਪ, ਦੂਜਾ, ਤੀਜਾ ਤੇ ਚੌਥਾ ਸਰੂਪ। ਅਰਬੀ ਅਨੁਸਾਰ ਪਹਿਲੇ ਪਾਤਸ਼ਾਹ, ਦੂਜੇ, ਤੀਜੇ, ਚੌਥੇ ਪਾਤਸ਼ਾਹ। ਇਸ ਤਰ੍ਹਾਂ ਸਰੂਪ ਜਾਂ ਪਾਤਸ਼ਾਹ ਦਾ ਭਾਵ ਪਹਿਲਾ ਸਰੂਪ ਜਾਂ ਦੂਜਾ ਤੀਜਾ ਸਰੂਪ ਆਦਿ, ਸਤਿਗੁਰਾਂ ਦਾ ਵਾਚਕ ਹੈ।

ਹੋਰ ਥਾਵਾਂ 'ਤੇ ਇਹੋ ਨਿਯਮ ਦੱਸਿਆ ਹੈ ਕਿ "ਮਹਲਾ" ਸ਼ਬਦ ਦੇ ਹਾਹੇ ਨੂੰ ਅੱਧਕ ਲਾ ਕੇ ਮਹੱਲਾ ਹੀ ਉਚਾਰਨਾਂ ਤੇ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਤੇ ਨਾਵਾਂ ਉਚਰਨਾ।

ਯਥਾ— ੧. ਰਾਗੁ ਸਿਰੀਰਾਗੁ ਮਹਲਾ ਪਹਿਲਾ '੧' ਘਰੁ ੧ [ਅੰਗ ੧੪]
ਭਾਵ ਅੰਕ '੧' ਨੂੰ ਪਹਿਲਾ ਪੜ੍ਹਨਾ ਹੈ।

੨. ਗਉੜੀ ਗੁਆਰੇਰੀ ਮਹਲਾ ੪ ਚਉਥਾ [ਅੰਗ ੧੬੩] ਅੰਕ ੪ ਨੂੰ "ਚੌਥਾ" ਪੜ੍ਹਨਾ ਹੈ। ਇਸੇ ਤਰ੍ਹਾਂ :

੩. ਵਡਹੰਸੁ ਮਹਲਾ ੩ ਮਹਲਾ ਤੀਜਾ॥ [ਅੰਗ ੫੮੨]
੪. ਸੋਰਠਿ ਮਹਲਾ ੪॥ [ਅੰਗ ੬੦੫]
੫. ਸੋਰਠਿ ਮਹਲਾ ੧ ਦੁਤੁਕੀ ਪਹਿਲਾ॥ [ਅੰਗ ੬੩੬]
੬. ਧਨਾਸਰੀ ਮਹਲਾ ੩ ਤੀਜਾ॥ [ਅੰਗ ੧੧੬੯]
੭. ਬਸੰਤ ਮਹਲਾ ੩ ਤੀਜਾ॥ [ਅੰਗ ੧੧੬੯]

ਜੇ ਕੋਈ ਪ੍ਰੇਮੀ ਸ਼ੰਕਾ ਕਰੇ ਕਿ "ਮਹਲਾ" ਅੱਖਰ ਨੂੰ ਅੱਧਕ ਨਹੀਂ ਲੱਗੀ ਹੋਈ ਤਾਂ ਸਨਿਮਰ ਬੇਨਤੀ ਹੈ ਕਿ ਹਜ਼ੂਰ ਨੇ ਗੁਰਬਾਣੀ ਵਿਚ ਕਿਤੇ ਵੀ ਅੱਧਕ ਨਹੀਂ ਲਾਈ। ਭਾਈ ਗੁਰਦਾਸ ਜੀ ਦੇ ਬੇਨਤੀ ਕਰਨ ਤੋਂ ਕਿ ਅੱਧਕਾਂ ਤੇ ਬਿੰਦੀ ਲਾ ਦੇਵਾਂ ਜੀ ? ਹਜ਼ੂਰ ਨੇ ਕਿਹਾ ਕਿ ਜੋ ਲਿਖਿਆ ਗਿਆ ਹੈ ਸਭ ਸ਼ੁਧ ਹੈ। ਸਿਆਣੇ ਸਿੱਖ ਪੜ੍ਹਨ ਲੱਗਿਆ ਆਪ ਹੀ ਉਚਾਰ ਲਿਆ ਕਰਨਗੇ ਪਰ ਲਿਖਣਾ ਨਹੀਂ।

ਯਥਾ— **੧. ਜਿਨੀ ਨਾਮੁ ਧਿਆਇਆ ਗਏ "ਮਸਕਤਿ" ਘਾਲਿ॥** [ਅੰਗ ੮]

PDF created with pdfFactory Pro trial version www.pdffactory.com

**੨. ਨਾਨਕ ਹੁਕਮੈ ਜੇ "ਬੁਝੈ" ਤ ਹਉਮੈ ਕਹੈ ਨ ਕੋਇ ॥** [ਅੰਗ ੧]

**੩. "ਮਲਿ" ਤਖਤੁ ਬੈਠਾ ਸੈ ਡਾਲੀ ॥** [ਅੰਗ ੯੬੭]

**੪. "ਸੁਮਤਿ" ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥** [ਅੰਗ ੧੦੨]

**੫. "ਸਠੀ" ਕੇ ਬੋਢੇਪਾ ਆਵੈ ॥** [ਅੰਗ ੧੩੮]

**੬. ਸੁਖਿ "ਰਜਾ" ਜਾ ਤੁਧੁ ਭਾਇਆ ॥** [ਅੰਗ ੧੩੮]

**੭. "ਸਤਰਿ" ਕਾ "ਮਤਿ" ਹੀਣੁ "ਅਸੀਹਾਂ" ਕਾ ਵਿਉਹਾਰੁ ਨ ਪਾਵੈ ॥** [ਅੰਗ ੧੩੮]

**੮. ਮਿਹਰ ਮਸੀਤਿ ਸਿਦਕੁ "ਮੁਸਲਾ" ਹਕੁ ਹਲਾਲੁ ਕੁਰਾਣੁ ॥** [ਅੰਗ ੧੪੦]

ਇਹ ਜੋ ਸਾਰੇ ਅੱਖਰ ਕਾਮਿਆਂ ਵਿਚ ਹਨ, ਅੱਧਕ ਲਾ ਕੇ ਬੋਲਣੇ ਹਨ ਪਰ ਲਿਖਣ ਵਿਚ ਅੱਧਕ ਨਹੀਂ ਹੈ। ਇਸ ਤਰ੍ਹਾਂ "ਮਹਲਾ" ਵੀ ਅੱਧਕ ਲਾ ਕੇ ਬੋਲਣਾ ਹੈ, ਇਹੀ ਸ਼ੁੱਧ ਹੈ ਵਾ : ਜਿਵੇਂ ਸ਼ਹਿਰਾਂ ਵਿਚ ਮਹੱਲੇ ਹੁੰਦੇ ਹਨ ਤਿਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨ ਸ਼ਹਿਰ ਵਾਂਗ ਹਨ। ਤਿਨ੍ਹਾਂ ਵਿਚ ਪਹਿਲੇ ਪਾਤਸ਼ਾਹ ਜੀ ਦਾ ਮਹੱਲਾ ਹੈ, ਦੂਜੇ ਪਾਤਸ਼ਾਹ ਜੀ ਦਾ ਮਹੱਲਾ ਹੈ, ਇਸੇ ਤਰ੍ਹਾਂ ਸਾਰੇ ਜਾਨਣੇ ਜੀ।

PDF created with pdfFactory Pro trial version www.pdffactory.com

੧. ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥
॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ [ਆਦਿ ਅੰਗ ੧]

੨. ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਹੁ ਸਾਹਾਣਿ ਗਣਿੱਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਣ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥ [ਦਸਮ ਅੰਗ ੧]

੩. ਇਕ ਮਨਿ ਪੁਰਖੁ ਧਿਆਇ ਬਰਦਾਤਾ ॥
ਸੰਤ ਸਹਾਰੁ ਸਦਾ ਬਿਖਿਆਤਾ ॥
ਤਾਸੁ ਚਰਨ ਲੇ ਰਿਦੈ ਬਸਾਵਉ ॥
ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥ [ਅੰਗ ੧੩੮੯]

੪. ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਨ ਸਬਦ ਸਰੇ ॥
ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੨॥ [ਅੰਗ ੧੩੮੯]

੫. ਪ੍ਰਭ ਦਾਤਉ ਦਾਤਾਰ ਪਰਿ੍ਉ ਜਾਚਕੁ ਇਕੁ ਸਰਨਾ ॥
ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥
ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥
ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥
ਬਲਿਓ ਚਰਾਗੁ ਅੰਧ੍ਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥ [ਅੰਗ ੧੩੮੬]

੬. ਕਵਨੁ ਜੋਗੁ ਕਉਨੁ, ਗ੍ਯ੍ਾਨੁ ਧ੍ਯ੍ਾਨੁ ਕਵਨ ਬਿਧਿ ਉਸ੍ਤਤਿ ਕਰੀਐ ॥
ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥
ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥
ਅਗਹੁ, ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥
ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥
ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥ [ਅੰਗ ੧੩੮੬]

PDF created with pdfFactory Pro trial version www.pdffactory.com

੭. ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥
ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥੧੬॥ [ਅੰਗ ੧੩੯੫]

੮. ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥
ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥
ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥
ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥
ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥
ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥੫॥ [ਅੰਗ ੧੩੯੧]

੯. ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ, ਸਕਲ ਮਲ ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥
ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥
ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥ [ਅੰਗ ੧੩੯੨]

੧੦. ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥
ਹਥ ਤ ਪਰ ਸਕਯਬ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧੦॥ [ਅੰਗ ੧੩੯੪]

੧੧. ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ ॥
ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥
ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥
ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ ॥
ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ ॥
ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥ [ਅੰਗ ੧੩੯੪]

੧੨. ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਅਨੰਤ ਨ ਆਵੈ ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੨੨॥ [ਅੰਗ ੧੩੯੬]

PDF created with pdfFactory Pro trial version www.pdffactory.com

੧੩. ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥ [ਅੰਗ ੯੬੮]

੧੪. ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥
ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥
ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥੧॥੧੧॥ [ਅੰਗ ੧੪੦੩]

੧੫. ਨਾਨਕਿ ਨਾਮੁ ਨਿਰੰਜਨ ਜਾਨ੍ਯ੍ਯਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥
ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥ [ਅੰਗ ੧੪੦੬]

੧੬. ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ, ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ, ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥ [ਅੰਗ ੧੪੦੬]

੧੭. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥ [ਅੰਗ ੧੪੦੮]

੧੮. ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯ੍ਯਉ ਏਕ ਘਰੀ ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥ [ਅੰਗ ੧੪੦੯]

੧੯. ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ਹ ਅੰਮ੍ਰਿਤ ਨਾਮੁ ਪੀਅਉ ॥

PDF created with pdfFactory Pro trial version www.pdffactory.com

ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥ [ਅੰਗ ੧੪੦੯]

੨੦. ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥ [ਅੰਗ ੧੪੦੯]

੨੧. ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥
ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥
ਰਹਸੁ ਕੀਅਉ ਸੁਰਦੇਵ ਤੋਹਿ ਜਸੁ ਜਯ ਜਯ ਜੰਪਹਿ ॥
ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥
ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥
ਛਤ੍ਰੁ ਸਿੰਘਾਸਨੁ, ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥੨॥ [ਅੰਗ ੧੪੦੯]

੨੨. ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥ ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥ ਸਾਧਨਿ ਲਖਾ ਮੂੜ ਨਹਿ ਪਾਯੋ ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ ॥
ਜਿਸ ਜਾਨਾ ਤਿਨ ਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨ ਆਈ ॥੧੦॥
ਰਾਮਦਾਸ ਹਰਿ ਸੋਂ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭੁ ਲੋਕ ਸਿਧਾਏ ॥ ਹਰਿਗੋਬਿੰਦ ਤਿਹ ਠਾਂ ਠਹਰਾਏ ॥੧੧॥
ਹਰਿਗੋਬਿੰਦ ਪ੍ਰਭੁ ਲੋਕ ਸਿਧਾਰੇ ॥ ਹਰੀ ਰਾਇ ਤਿਹ ਠਾਂ ਬੈਠਾਰੇ ॥
ਹਰੀ ਕ੍ਰਿਸ਼ਨਿ ਤਿਨ ਕੇ ਸੁਤ ਵਏ ॥ ਤਿਨ ਤੇ ਤੇਗ ਬਹਾਦਰ ਭਏ ॥੧੨॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥੧੩॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥
ਦੋਹਰਾ ॥ ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥ [ਦਸਮ ਅੰਗ ੫੪]

੨੩. ਤੇਗ ਬਹਾਦਰ ਸਿਮਰੀਐ ਘਰ ਨਉਨਿਧਿ ਆਵੈ ਧਾਇ ॥
ਸਭ ਥਾਈਂ ਹੋਇ ਸਹਾਇ ॥੧॥ [ਦਸਮ ਅੰਗ ੧੧੯]

੨੪. ਗੁਰੂ ਨਾਨਕ ਸਭ ਕੇ ਸਿਰ ਤਾਜਾ ॥ ਜਿਹ ਕਉ ਸਿਮਰਿ ਸਰੇ ਸਭ ਕਾਜਾ ॥
ਗੁਰ ਤੇਗ ਬਹਾਦਰ ਸ੍ਵਾਂਗ ਰਚਾਯੰ ॥ ਜਿਹ ਅਪਨ ਸੀਸ ਦੇ ਜਗ ਠਹਰਾਯੰ ॥
[ਦੂਸਰੇ ਭਾ: ਗੁਰਦਾਸ ਵਾਰ ੪੧, ਪਉੜੀ ੨੩]

PDF created with pdfFactory Pro trial version www.pdffactory.com

## ਮੁਖਵਾਕ ਲੈਣ ਸਮੇਂ ਦੇ ਮੰਗਲ

੧. ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥
[ਸਵਈਏ ਮਹਲੇ ਦੂਜੇ ਕੇ, ਅੰਗ ੧੩੯੨]

੨. ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥ [ਵਾਰ ਰਾਮਕਲੀ ਅੰਗ ੯੬੭]

੩. ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥ [ਸਲੋਕ ਮਹਲਾ ੫, ਅੰਗ ੧੪੨੬]

੪. ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥
ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧॥ [ਤਿਲੰਗ ਮਹਲਾ ੫, ਅੰਗ ੭੨੪]

੫. ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ ॥
ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ ॥੧॥ [ਤੁਖਾਰੀ ਮਹਲਾ ੫, ਅੰਗ ੧੧੧੭]

੬. ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ ॥੧॥
[ਰਾਮਕਲੀ ਕੀ ਵਾਰ ਮਃ ੫, ਅੰਗ ੯੬੪]

੭. ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ [ਵਾਰ ਮਾਰੂ ਮਹਲਾ ੫, ਅੰਗ ੧੦੯੪]

੮. ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ [ਵਡਹੰਸ ਮਹਲਾ ੧, ਅੰਗ ੫੫੭]

੯. ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥
ਦੇਖਿ ਤੁਮ੍ਾਰਾ ਦਰਸਨੋ ਮੇਰਾ ਮਨੁ ਧੀਰੇ ॥੧॥ [ਆਸਾ ਮਃ ੫, ਅੰਗ ੩੯੮]

੧੦. ਦਰਮਾਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥
[ਬਿਲਾਵਲੁ ਕਬੀਰ ਜੀ, ਅੰਗ ੮੫੬]

੧੧. ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥
ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥੧॥ [ਜੈਤਸਰੀ ਮਹਲਾ ੫, ਅੰਗ ੭੦੩]

੧੨. ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥
ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ [ਸੂਹੀ ਮਹਲਾ ੫, ਅੰਗ ੭੪੨]

੧੩. ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ ॥ [ਰਾਮਕਲੀ ਕੀ ਵਾਰ ਮਃ ੫, ਅੰਗ ੯੫੮]

੧੪. ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥
[ਸੋਰਠਿ ਮਃ ੫, ਅੰਗ ੬੧੨]

PDF created with pdfFactory Pro trial version www.pdffactory.com

## ਕਥਾ ਸ਼ੁਰੂ ਕਰਨ ਤੋਂ ਪਹਿਲਾਂ ਪੜ੍ਹੇ ਜਾਣ ਵਾਲੇ ਮੰਗਲ

੧. ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥
ਸਾਧਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ ॥੮॥ [ਗੂਜਰੀ ਮਹਲਾ ੫, ਅੰਗ ੫੦੮]

੨. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ [ਨਟ ਮਹਲਾ ੪, ਅੰਗ ੯੮੨]

੩. ਮੂਕ ਉਚਰੈ ਸ਼ਾਸਤ੍ਰ ਖਟਿ ਪਿੰਗੁ ਗਿਰਨ ਚੜਿ ਜਾਇ ॥
ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ ॥੨॥ [ਦਸਮ ਅੰਗ ੪੭]

੪. ਕਹਾ ਬੁਧਿ ਪ੍ਰਭ ਤੁੱਛ ਹਮਾਰੀ ॥ ਬਰਨਿ ਸਕੈ ਮਹਿਮਾ ਜੁ ਤਿਹਾਰੀ ॥
ਹਮ ਨ ਸਕਤ ਕਰਿ ਸਿਫਤ ਤੁਮਾਰੀ ॥ ਆਪ ਲੇਹੁ ਤੁਮ ਕਥਾ ਸੁਧਾਰੀ ॥੩॥ [ਦਸਮ ਅੰਗ ੪੭]

੫. ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥ [ਗਉੜੀ ਮਹਲਾ ੫, ਅੰਗ ੨੫੬]

## ਪ੍ਰਮਾਰਥੀ ਵਿਚਾਰਾਂ ਸ਼ੁਰੂ ਕਰਨ ਤੋਂ ਪਹਿਲਾਂ ਪੜ੍ਹੇ ਜਾਣ ਵਾਲੇ ਮੰਗਲ

੧. ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥
ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥
[ਸੂਹੀ ਮਃ ੪, ਅੰਗ ੭੩੪]

੨. ਬੇਸੁਮਾਰ ਅਥਾਹ ਅਗਨਤ ਅਤੋਲੈ ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥ [ਗਉੜੀ ਸੁਖਮਨੀ ਮਃ ੫, ਅੰਗ ੨੯੨]

## ਕਥਾ ਦੀ ਸਮਾਪਤੀ ਵੇਲੇ ਪੜ੍ਹੇ ਜਾਣ ਵਾਲੇ ਅਸਤੋਤ੍ਰ

੧. ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ਰਹਾਉ॥
ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧॥
ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥੨॥
ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥੩॥੮॥੩੦॥ [ਮਲਾਰ ਮਃ ੫, ਅੰਗ ੧੨੭੩]

੨. ਪਉੜੀ ॥ ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥
ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥
ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥
ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
ਨਾਨਕ ਦੀਜੈ ਨਾਮ ਦਾਨੁ ਰਾਖਹੁ ਹੀਐ ਪਰੋਇ ॥੫੫॥ [ਗਉੜੀ ਮਃ ੫, ਅੰਗ ੨੬੧]

PDF created with pdfFactory Pro trial version www.pdffactory.com

੩. **ਸਲੋਕੁ ॥ ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥**
**ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥** [ਗਉੜੀ ਮਃ ੫, ਅੰਗ ੨੬੧]

੪. **"ਵਾਹਿਗੁਰੂ ਨਾਮੁ ਜਹਾਜ ਹੈ ਚੜ੍ਹੇ ਸੁ ਉਤਰੈ ਪਾਰ ॥**
**ਜੋ ਸ਼ਰਧਾ ਕਰਿ ਸੇਂਵਦੇ ਗੁਰ ਪਾਰਿ ਉਤਾਰਨਿ ਹਾਰ ॥"** [ਸ੍ਰੀ ਗੁਰਮੁਖ ਪ੍ਰਕਾਸ਼, ਅੰਗ ੮੫੦]

## ਕਥਾ, ਪ੍ਰਚਾਰ, ਵਖਿਆਨ ਅਤੇ ਪ੍ਰਮਾਰਥੀ ਬਚਨ ਸੰਗਤ ਵਿਚ ਸੁਣਾਉਣ ਵੇਲੇ ਵਾਹਿਗੁਰੂ ਗੁਰ ਪ੍ਰਮੇਸ਼ਰ ਦੀ ਸਿਫਤ-ਸਲਾਹ ਵਿਚ ਕੁਝ ਚੋਣਵੇਂ ਸੁਭਾਇਮਾਨ ਗੁਰਮਤਿ ਅਨੁਸਾਰ ਸ਼ਬਦ :—

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਅਕਾਲ ਪੁਰਖ, ਅੰਤਰਯਾਮੀ, ਪਤਿਤ ਪਾਵਨ, ਦੀਨਾ ਬੰਧੂ, ਭਗਤ ਵਛਲ, ਨਿਰਗੁਣ ਤੋਂ ਸਰਗੁਣ ਸਰੂਪ ਧਾਰਨ ਵਾਲੇ ਧੰਨ ਗੁਰੂ ਨਾਨਕ ਸਾਹਿਬ ਜੀ :—

ਯਥਾ— **੧. ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥** [ਸਵਈਏ ਮਃ ੩, ਅੰਗ ੧੩੯੫]

**੨. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥** [ਸਵਈਏ ਮਃ ੫, ਅੰਗ ੧੪੦੮]

ਨੇ ਦਸਵੇਂ ਜਾਮੇ ਵਿਚ ਗੁਰਤਾ ਗੱਦੀ ਜੋਤਿ ਜੁਗਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ। ਇਸ ਲਈ ਜਗਤ ਗੁਰੂ ਦਸ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ਼ਬਦ ਗੁਰੂ ਦੀ ਹਜ਼ੂਰੀ ਵਿਚ ਬੈਠੀ ਗੁਰੂ ਰੂਪ ਸਾਧ ਸੰਗਤ ਜੀ! ਮਨ ਬਿਰਤੀਆਂ ਇਕਾਗਰ ਕਰਕੇ ਬੈਠੀਏ ਜਿਸ ਕਰਕੇ ਗੁਰੂ ਉਪਦੇਸ਼ ਦੀ ਸੋਝੀ ਆਵੇ, ਆਤਮਿਕ ਸ਼ਾਂਤੀ ਪ੍ਰਾਪਤ ਹੋਵੇ, ਗੁਰਮਤਿ ਨਾਮ ਦੀ ਸੋਝੀ ਹੋਵੇ! ਹਾਜ਼ਰ ਸ਼ਬਦ ਗੁਰੂ ਦਾ ਆਇਆ ਮੁਖਵਾਕ ਉਪਦੇਸ਼ ਸੁਣੀਏ!

PDF created with pdfFactory Pro trial version www.pdffactory.com